| | | | ਬੇਸਲਾਇਨ | ਮਿਡ ਟੈਸਟ | ਪ੍ਰਗਤੀ | ਭਾਸ਼ਾ-ਮਿਡ ਟੈਸਟ | ਭਾਸ਼ਾ-ਮਿਡ ਟੈਸਟ | ਬੇਸਲਾਇਨ | ਮਿਡ ਟੈਸਟ | ਪ੍ਰਗਤੀ | ਗਣਿਤ-ਮਿਡ ਟੈਸਟ | ਗਣਿਤ-ਮਿਡ ਟੈਸਟ |
| 1 | ਸ਼ਹੀਦ ਭਗਤ ਸਿੰਘ ਨਗਰ | ਨਵਾਂਸ਼ਹਿਰ 2 | 40.02 | 78.07 | 38.06 | 1 | 1 | 34.48 | 79.35 | 44.87 | 1 | 1 |
| 2 | ਸ਼ਹੀਦ ਭਗਤ ਸਿੰਘ ਨਗਰ | ਬਲਾਚੌਰ 2 | 41.33 | 76.47 | 35.14 | 2 | 3 | 30.15 | 68.55 | 38.40 | 4 | 20 |
| 3 | ਸ਼ਹੀਦ ਭਗਤ ਸਿੰਘ ਨਗਰ | ਮੁਕੰਦਪੁਰ | 38.94 | 74.88 | 35.94 | 3 | 7 | 25.89 | 70.19 | 44.30 | 3 | 14 |
| 4 | ਸ਼ਹੀਦ ਭਗਤ ਸਿੰਘ ਨਗਰ | ਨਵਾਂਸ਼ਹਿਰ 1 | 33.40 | 74.86 | 41.46 | 4 | 8 | 23.91 | 66.98 | 43.07 | 6 | 26 |
| 5 | ਸ਼ਹੀਦ ਭਗਤ ਸਿੰਘ ਨਗਰ | ਸਰੋਆ | 41.68 | 74.24 | 32.56 | 5 | 10 | 30.78 | 67.84 | 37.06 | 5 | 23 |
| 6 | ਸ਼ਹੀਦ ਭਗਤ ਸਿੰਘ ਨਗਰ | ਔੜ | 37.26 | 73.07 | 35.81 | 6 | 13 | 25.27 | 71.47 | 46.20 | 2 | 10 |
| 7 | ਸ਼ਹੀਦ ਭਗਤ ਸਿੰਘ ਨਗਰ | ਬਲਾਚੌਰ 1 | 37.11 | 71.54 | 34.42 | 7 | 23 | 22.35 | 62.45 | 40.10 | 7 | 62 |
| 8 | ਸ਼ਹੀਦ ਭਗਤ ਸਿੰਘ ਨਗਰ | ਬੰਗਾ | 36.22 | 70.03 | 33.81 | 8 | 31 | 21.03 | 59.78 | 38.75 | 8 | 82 |

| | | | | | | | | | |
|---|---|---|---|---|---|---|---|---|---|
| ਜ਼ਿਲ੍ਹਾ | | 38.12 | 74.02 | 35.90 | | | 26.63 | 68.33 | 41.70 |
| **ਪੰਜਾਬ** | | **24.54** | **61.18** | **36.64** | | | **14.71** | **55.31** | **40.60** |

- ਕੋਈ ਵੀ ਬਲਾਕ ਸਟੇਟ ਦੇ ਨਤੀਜਿਆਂ ਨਾਲੋਂ ਘੱਟ ਨਹੀਂ ਹੈ।

## 17. ਪਟਿਆਲਾ

| ਲੜੀ ਨੰ. | ਜ਼ਿਲ੍ਹੇ ਦਾ ਨਾਂ | ਬਲਾਕ | ਭਾਸ਼ਾ | | | ਦਰਜਾ-ਜ਼ਿਲ੍ਹਾ | ਦਰਜਾ-ਪੰਜਾਬ | ਗਣਿਤ | | | ਦਰਜਾ-ਜ਼ਿਲ੍ਹਾ | ਦਰਜਾ-ਪੰਜਾਬ |
|---|---|---|---|---|---|---|---|---|---|---|---|---|
| | | | ਬੇਸਲਾਇਨ | ਮਿਡ ਟੈਸਟ | ਪ੍ਰਗਤੀ | ਭਾਸ਼ਾ-ਮਿਡ ਟੈਸਟ | ਭਾਸ਼ਾ-ਮਿਡ ਟੈਸਟ | ਬੇਸਲਾਇਨ | ਮਿਡ ਟੈਸਟ | ਪ੍ਰਗਤੀ | ਗਣਿਤ-ਮਿਡ ਟੈਸਟ | ਗਣਿਤ-ਮਿਡ ਟੈਸਟ |
| 1 | ਪਟਿਆਲਾ | ਭਾਦਸੋਂ 2 | 34.24 | 73.00 | 38.76 | 1 | 14 | 25.65 | 64.00 | 38.35 | 2 | 47 |
| 2 | ਪਟਿਆਲਾ | ਰਾਜਪੁਰਾ 1 | 30.66 | 68.98 | 38.32 | 2 | 42 | 24.77 | 65.64 | 40.87 | 1 | 36 |
| 3 | ਪਟਿਆਲਾ | ਭਾਦਸੋਂ1 | 35.10 | 68.69 | 33.59 | 3 | 45 | 22.01 | 61.23 | 39.22 | 4 | 71 |
| 4 | ਪਟਿਆਲਾ | ਭੁਨਰਹੇੜੀ 2 | 16.81 | 67.00 | 50.19 | 4 | 64 | 7.67 | 63.00 | 55.33 | 3 | 59 |
| 5 | ਪਟਿਆਲਾ | ਪਟਿਆਲਾ 3 | 28.65 | 65.80 | 37.15 | 5 | 78 | 16.21 | 50.76 | 34.55 | 8 | 138 |
| 6 | ਪਟਿਆਲਾ | ਪਟਿਆਲਾ 2 | 26.29 | 63.00 | 36.71 | 6 | 108 | 15.06 | 56.00 | 40.94 | 5 | 108 |
| 7 | ਪਟਿਆਲਾ | ਬਨੂੰੜ | 16.40 | 59.61 | 43.21 | 7 | 132 | 8.59 | 53.38 | 44.79 | 7 | 120 |
| 8 | ਪਟਿਆਲਾ | ਘਨੌਰ | 19.75 | 58.13 | 38.38 | 8 | 138 | 11.87 | 55.42 | 43.55 | 6 | 110 |
| 9 | ਪਟਿਆਲਾ | ਰਾਜਪੁਰਾ 2 | 20.70 | 56.74 | 36.04 | 9 | 150 | 12.07 | 50.14 | 38.07 | 9 | 141 |
| 10 | ਪਟਿਆਲਾ | ਪਟਿਆਲਾ 1 | 24.35 | 56.45 | 32.10 | 10 | 153 | 16.75 | 50.06 | 33.31 | 10 | 142 |
| 11 | ਪਟਿਆਲਾ | ਸਮਾਣਾ 2 | 16.52 | 53.06 | 36.54 | 11 | 170 | 7.06 | 42.39 | 35.33 | 12 | 186 |
| 12 | ਪਟਿਆਲਾ | ਸਮਾਣਾ 3 | 14.66 | 52.90 | 38.24 | 12 | 173 | 7.73 | 43.60 | 35.87 | 11 | 178 |
| 13 | ਪਟਿਆਲਾ | ਭੁਨਰਹੇੜੀ 1 | 16.62 | 47.00 | 30.38 | 13 | 207 | 6.80 | 38.00 | 31.20 | 14 | 203 |

| | | | | | | | | | | | | |
|---|---|---|---|---|---|---|---|---|---|---|---|---|
| 14 | ਪਟਿਆਲਾ | ਸਮਾਣਾ 1 | 17.45 | 45.93 | 28.48 | 14 | 209 | 5.35 | 41.04 | 35.69 | 13 | 192 |
| | **ਜ਼ਿਲ੍ਹਾ** | | 22.71 | 59.67 | 36.96 | | | 13.38 | 52.47 | 39.09 | | |
| | **ਪੰਜਾਬ** | | **24.54** | **61.18** | **36.64** | | | **14.71** | **55.31** | **40.60** | | |

## 18. ਰੋਪੜ

| ਲੜੀ ਨੰ. | ਜ਼ਿਲ੍ਹੇ ਦਾ ਨਾਂ | ਬਲਾਕ | ਭਾਸ਼ਾ | | | ਦਰਜਾ-ਜ਼ਿਲ੍ਹਾ | ਦਰਜਾ-ਪੰਜਾਬ | ਗਣਿਤ | | | ਦਰਜਾ-ਜ਼ਿਲ੍ਹਾ | ਦਰਜਾ-ਪੰਜਾਬ |
|---|---|---|---|---|---|---|---|---|---|---|---|---|
| | | | ਬੇਸਲਾਇਨ | ਮਿਡ ਟੈਸਟ | ਪ੍ਰਗਤੀ | ਭਾਸ਼ਾ-ਮਿਡ ਟੈਸਟ | ਭਾਸ਼ਾ-ਮਿਡ ਟੈਸਟ | ਬੇਸਲਾਇਨ | ਮਿਡ ਟੈਸਟ | ਪ੍ਰਗਤੀ | ਗਣਿਤ-ਮਿਡ ਟੈਸਟ | ਗਣਿਤ-ਮਿਡ ਟੈਸਟ |
| 1 | ਰੋਪੜ | ਤੱਖ ਗੜ੍ਹ | 38.02 | 74.14 | 36.12 | 1 | 11 | 21.02 | 65.25 | 44.23 | 2 | 38 |
| 2 | ਰੋਪੜ | ਚਮਕੌਰ ਸਾਹਿਬ | 30.36 | 71.79 | 41.43 | 2 | 20 | 19.95 | 66.57 | 46.62 | 1 | 30 |
| 3 | ਰੋਪੜ | ਅਨੰਦਪੁਰ ਸਾਹਿਬ | 34.54 | 70.41 | 35.87 | 3 | 30 | 21.68 | 58.09 | 36.41 | 3 | 93 |
| 4 | ਰੋਪੜ | ਨੂਰਪੁਰ ਬੇਦੀ | 32.33 | 67.71 | 35.38 | 4 | 52 | 21.60 | 57.10 | 35.50 | 4 | 98 |
| 5 | ਰੋਪੜ | ਰੋਪੜ 2 | 31.11 | 64.11 | 33.00 | 5 | 92 | 17.90 | 51.30 | 33.40 | 8 | 134 |
| 6 | ਰੋਪੜ | ਨੰਗਲ | 35.88 | 63.50 | 27.62 | 6 | 99 | 21.20 | 56.20 | 35.00 | 5 | 105 |
| 7 | ਰੋਪੜ | ਮੋਰਿੰਡਾ | 35.10 | 63.24 | 28.14 | 7 | 105 | 20.10 | 55.00 | 34.90 | 7 | 113 |
| 8 | ਰੋਪੜ | ਰੋਪੜ 1 | 34.29 | 61.58 | 27.29 | 8 | 119 | 21.70 | 55.40 | 33.70 | 6 | 111 |
| | **ਜ਼ਿਲ੍ਹਾ** | | 33.88 | 66.92 | 33.04 | | | 20.84 | 57.80 | 36.96 | | |
| | **ਪੰਜਾਬ** | | **24.54** | **61.18** | **36.64** | | | **14.71** | **55.31** | **40.60** | | |

## 19. ਸੰਗਰੂਰ

| ਲੜੀ ਨੰ. | ਜ਼ਿਲ੍ਹੇ ਦਾ ਨਾਂ | ਬਲਾਕ | ਭਾਸ਼ਾ | | | ਦਰਜਾ-ਜ਼ਿਲ੍ਹਾ | ਦਰਜਾ-ਪੰਜਾਬ | ਗਣਿਤ | | | ਦਰਜਾ-ਜ਼ਿਲ੍ਹਾ | ਦਰਜਾ-ਪੰਜਾਬ |
|---|---|---|---|---|---|---|---|---|---|---|---|---|
| | | | ਬੇਸਲਾਇਨ | ਮਿਡ ਟੈਸਟ | ਪ੍ਰਗਤੀ | ਭਾਸ਼ਾ-ਮਿਡ ਟੈਸਟ | ਭਾਸ਼ਾ-ਮਿਡ ਟੈਸਟ | ਬੇਸਲਾਇਨ | ਮਿਡ ਟੈਸਟ | ਪ੍ਰਗਤੀ | ਗਣਿਤ-ਮਿਡ ਟੈਸਟ | ਗਣਿਤ-ਮਿਡ ਟੈਸਟ |
| 1 | ਸੰਗਰੂਰ | ਸੁਨਾਮ 1 | 19.70 | 66.40 | 46.70 | 1 | 70 | 11.70 | 54.20 | 42.50 | 2 | 118 |
| 2 | ਸੰਗਰੂਰ | ਮਲੇਰਕੋਟਲਾ 2 | 28.44 | 63.30 | 34.86 | 2 | 103 | 14.00 | 48.80 | 34.80 | 6 | 155 |
| 3 | ਸੰਗਰੂਰ | ਸ਼ੇਰਪੁਰ | 30.24 | 63.10 | 32.86 | 3 | 106 | 15.90 | 48.50 | 32.60 | 7 | 158 |
| 4 | ਸੰਗਰੂਰ | ਸੰਗਰੂਰ 1 | 28.62 | 63.00 | 34.38 | 4 | 109 | 10.90 | 44.30 | 33.40 | 8 | 176 |
| 5 | ਸੰਗਰੂਰ | ਮਲੇਰਕੋਟਲਾ 1 | 30.67 | 62.61 | 31.94 | 5 | 110 | 14.40 | 54.50 | 40.10 | 1 | 115 |
| 6 | ਸੰਗਰੂਰ | ਅਹਿਮਦਗੜ੍ਹ | 27.15 | 61.60 | 34.45 | 6 | 118 | 13.60 | 51.00 | 37.40 | 4 | 136 |
| 7 | ਸੰਗਰੂਰ | ਲਹਿਰਾਗਾਗਾ | 29.28 | 60.90 | 31.62 | 7 | 122 | 13.70 | 49.30 | 35.60 | 5 | 148 |
| 8 | ਸੰਗਰੂਰ | ਧੂਰੀ | 24.16 | 56.70 | 32.54 | 8 | 151 | 15.30 | 52.40 | 37.10 | 3 | 126 |
| 9 | ਸੰਗਰੂਰ | ਸੰਗਰੂਰ 2 | 19.79 | 53.80 | 34.01 | 9 | 165 | 8.70 | 43.10 | 34.40 | 9 | 182 |
| 10 | ਸੰਗਰੂਰ | ਚੀਮਾਂ | 19.64 | 51.70 | 32.06 | 10 | 181 | 9.10 | 41.50 | 32.40 | 11 | 187 |
| 11 | ਸੰਗਰੂਰ | ਸੁਨਾਮ 2 | 18.75 | 50.40 | 31.65 | 11 | 189 | 7.10 | 43.00 | 35.90 | 10 | 184 |
| | **ਜ਼ਿਲ੍ਹਾ** | | 26.02 | 59.48 | 33.46 | | | 12.52 | 48.51 | 35.99 | | |

| | | | | | | | | | |
|---|---|---|---|---|---|---|---|---|---|
| ਪੰਜਾਬ | | **24.54** | **61.18** | **36.64** | | | **14.71** | **55.31** | **40.60** |

## 20. ਤਰਨਤਾਰਨ

| ਲੜੀ ਨੰ. | ਜ਼ਿਲ੍ਹੇ ਦਾ ਨਾਂ | ਬਲਾਕ | ਭਾਸ਼ਾ | | | ਦਰਜਾ-ਜ਼ਿਲ੍ਹਾ | ਦਰਜਾ-ਪੰਜਾਬ | ਗਣਿਤ | | | ਦਰਜਾ-ਜ਼ਿਲ੍ਹਾ | ਦਰਜਾ-ਪੰਜਾਬ |
|---|---|---|---|---|---|---|---|---|---|---|---|---|
| | | | ਬੇਸਲਾਇਨ | ਮਿਡ ਟੈਸਟ | ਪ੍ਰਗਤੀ | ਭਾਸ਼ਾ-ਮਿਡ ਟੈਸਟ | ਭਾਸ਼ਾ-ਮਿਡ ਟੈਸਟ | ਬੇਸਲਾਇਨ | ਮਿਡ ਟੈਸਟ | ਪ੍ਰਗਤੀ | ਗਣਿਤ-ਮਿਡ ਟੈਸਟ | ਗਣਿਤ-ਮਿਡ ਟੈਸਟ |
| 1 | ਤਰਨਤਾਰਨ | ਗੰਡੀਵਿੰਡ | 22.30 | 51.40 | 29.10 | 1 | 184 | 13.60 | 43.00 | 29.40 | 1 | 183 |
| 2 | ਤਰਨਤਾਰਨ | ਖਡੂਰ ਸਾਹਿਬ | 22.24 | 51.30 | 29.06 | 2 | 185 | 11.40 | 34.70 | 23.30 | 6 | 211 |
| 3 | ਤਰਨਤਾਰਨ | ਤਰਨਤਾਰਨ 1 | 19.98 | 49.30 | 29.32 | 3 | 196 | 10.30 | 35.60 | 25.30 | 5 | 207 |
| 4 | ਤਰਨਤਾਰਨ | ਨੌਸ਼ਿਹਰਾ ਪੰਨੂਆਂ | 21.97 | 48.50 | 26.53 | 4 | 198 | 12.50 | 37.80 | 25.30 | 4 | 204 |
| 5 | ਤਰਨਤਾਰਨ | ਚੋਹਲਾ ਸਾਹਿਬ | 23.50 | 47.90 | 24.40 | 5 | 202 | 15.20 | 38.90 | 23.70 | 3 | 200 |
| 6 | ਤਰਨਤਾਰਨ | ਭੀਖੀਵਿੰਡ | 16.40 | 47.70 | 31.30 | 6 | 203 | 10.70 | 41.20 | 30.50 | 2 | 189 |
| 7 | ਤਰਨਤਾਰਨ | ਤਰਨਤਾਰਨ 2 | 20.20 | 46.30 | 26.10 | 7 | 208 | 9.00 | 30.60 | 21.60 | 8 | 213 |
| 8 | ਤਰਨਤਾਰਨ | ਪੱਟੀ | 16.70 | 43.50 | 26.80 | 8 | 213 | 9.00 | 34.70 | 25.70 | 7 | 212 |
| 9 | ਤਰਨਤਾਰਨ | ਵਲਟੋਹਾ | 13.70 | 35.40 | 21.70 | 9 | 217 | 5.50 | 24.40 | 18.90 | 9 | 216 |

| | | | | | | | | | |
|---|---|---|---|---|---|---|---|---|---|
| ਜ਼ਿਲ੍ਹਾ | | 19.03 | 53.90 | 34.87 | | | 11.10 | 43.40 | 32.30 |
| ਪੰਜਾਬ | | **24.54** | **61.18** | **36.64** | | | **14.71** | **55.31** | **40.60** |

## ਸੀ.ਐਮ.ਟੀ. ਦੁਆਰਾ ਕੀਤੇ ਜਾਣ ਵਾਲੇ ਕੰਮਾਂ ਦਾ ਵੇਰਵਾ:-

**ਜਮਾਤ ਅਨੁਸਾਰ 28 ਫਰਵਰੀ ਤੱਕ ਦਾ ਟੀਚਾ:-**

1. ਕਲਾਸ ਪਹਿਲੀ ਦੇ ਸਾਰੇ ਬੱਚੇ ਅੱਖਰ 'ਤੇ ਅਤੇ ਗਣਿਤ ਤੋਂ ਅੰਕ ਪਹਿਚਾਣ ਤੇ ਹੋਣ ਅਤੇ ਗਿਣਤੀ 100 ਤੱਕ ਹਰੇਕ ਨੂੰ ਆਉਂਦੀ ਹੋਵੇ।
2. ਦੂਸਰੀ ਜਮਾਤ ਦੇ ਸਾਰੇ ਬੱਚੇ ਸ਼ਬਦ ਪੜ੍ਹ ਸਕਦੇ ਹੋਣ। ਅਤੇ ਗਣਿਤ ਵਿੱਚ ਜੋੜ ਕਰ ਸਕਦੇ ਹੋਣ ਅਤੇ ਪਹਾੜੇ 5 ਤੱਕ ਯਾਦ ਹੋਣ।
3. ਜਮਾਤ ਤੀਜੀ ਤੱਕ ਦੇ ਸਾਰੇ ਬੱਚੇ ਪੈਰ੍ਹਾ ਤੇ ਅਤੇ ਗਣਿਤ ਵਿੱਚ ਘਟਾਓ ਕਰ ਸਕਦੇ ਹੋਣ। ਚੌਥੀ, ਪੰਜਵੀਂ ਦੇ ਸਾਰੇ ਬੱਚੇ ਕਹਾਣੀ, ਗਣਿਤ ਵਿੱਚ ਭਾਗ ਕਰ ਸਕਦੇ ਹੋਣ।ਤੀਜੀ ਜਮਾਤ ਦੇ ਸਾਰੇ ਬੱਚਿਆਂ ਨੂੰ 10 ਤੱਕ, ਚੌਥੀ ਜਮਾਤ ਦੇ ਸਾਰੇ ਬੱਚਿਆਂ ਨੂੰ 15 ਤੱਕ, ਪੰਜਵੀਂ ਜਮਾਤ ਸਾਰੇ ਬੱਚਿਆਂ ਨੂੰ 20 ਤੱਕ ਪਹਾੜੇ ਯਾਦ ਹੋਣ।
4. ਅੰਗਰੇਜ਼ੀ ਦੇ 12 ਹਫ਼ਤੇ ਦਾ ਮਡਿਊਲ ਹਰ ਸਕੂਲ ਵਿੱਚ ਪੂਰਾ ਹੋ ਜਾਣਾ ਚਾਹੀਦਾ ਹੈ।ਅਤੇ ਜਿੰਨ੍ਹਾਂ ਸਕੂਲਾਂ ਵਿੱਚ 12 ਹਫ਼ਤੇ ਦਾ ਕੋਰਸ ਹੋ ਗਿਆ ਹੋਵੇ ਉਹਨਾਂ ਵਿੱਚ ਦੁਹਰਾਈ ਕਰਵਾਈ ਜਾਵੇ।

5. 28 ਫਰਵਰੀ ਤੱਕ ਕੋਈ ਵੀ ਬੱਚਾ ਕਿਸੇ ਵੀ ਜਮਾਤ ਵਿੱਚ ਆਰੰਭਕ ਤੇ ਨਹੀਂ ਹੋਣਾ ਚਾਹੀਦਾ।
6. ਪੜ੍ਹੋ ਪੰਜਾਬ ਦੇ ਨਤੀਜਿਆਂ ਵਿੱਚ ਸੁਧਾਰ ਲਿਆਉਣ ਵਜੋਂ ਪੜ੍ਹੋ ਪੰਜਾਬ ਤਕਨੀਕ ਅਤੇ ਮੁਲਾਂਕਣ ਅਨੁਸਾਰ ਹੀ ਕੰਮ ਕੀਤਾ ਜਾਵੇ।
7. ਸਕੂਲਾਂ ਦੀ ਮੁਨੀਟਰਿੰਗ ਦੌਰਾਨ ਸਕੂਲ, ਕਲੱਸਟਰ, ਬਲਾਕ ਦੀ ਪ੍ਰਗਤੀ ਸਬੰਧੀ ਹਰ ਮਹੀਨੇ ਇਕ ਰਿਪੋਰਟ ਜ਼ਰੂਰ ਤਿਆਰ ਕੀਤੀ ਜਾਵੇ। ਤਾਂ ਜੋ ਸਕੂਲਾਂ ਅਤੇ ਬਲਾਕਾਂ ਅੰਦਰ ਹੋ ਰਹੀ ਪ੍ਰਗਤੀ ਨੂੰ ਰਿਵਿਊ ਲਈ ਵਿਚਾਰਿਆ ਜਾ ਸਕੇ।
8. ਬੱਚਿਆਂ ਦੀ ਮਹਿਲਾਂ ਅਨੁਸਾਰ ਤੱਰਕੀ ਸਮੇਂ ਸਿਰ ਕੀਤੀ ਜਾਵੇ।
9. ਸੀ.ਐਮ.ਟੀ. ਨੇ ਆਪਣੀ ਸਕੂਲ ਵਿਜ਼ਟ ਦੌਰਾਨ ਪ੍ਰਗਤੀ ਹੋਏ ਬੱਚਿਆਂ ਦੀ ਟੈਸਟਿੰਗ ਜ਼ਰੂਰ ਕਰਨੀ ਹੈ ਅਤੇ ਰਿਪੋਰਟ ਤਿਆਰ ਕਰਨੀ ਹੈ ਕਿ ਸਕੂਲਾਂ ਨੇ ਕਿੰਨੀ ਪ੍ਰਗਤੀ ਕੀਤੀ ਹੈ।
10. ਸਿੰਗਲ ਟੀਚਰ ਸਕੂਲ, ਟੀਚਰ ਤੋਂ ਬਿਨਾ ਸਕੂਲ ਅਤੇ ਉਹ ਸਕੂਲ ਜਿੰਨ੍ਹਾਂ ਵਿੱਚ ਕੋਈ ਵੀ ਵਿਦਿਆਰਥੀ ਨਹੀਂ ਹੈ ਪਰ ਅਧਿਆਪਕ ਹੈ, ਇਸ ਤਰ੍ਹਾਂ ਦੇ ਸਕੂਲਾਂ ਬਾਰੇ ਜ਼ਿਲ੍ਹਾ ਪ੍ਰੀਸ਼ਦ ਦੇ ਵੱਖਰੇ ਅਤੇ ਸਰਕਾਰੀ ਸਕੂਲਾਂ ਵਾਲੇ ਵੱਖਰੇ ਸਕੂਲਾਂ ਦੀ ਇਕ ਰਿਪੋਰਟ ਸੀ.ਐਮ.ਟੀ. ਜ਼ਰੂਰ ਤਿਆਰ ਕਰਕੇ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ ਨੂੰ ਦੇਵੇਗਾ।ਜ਼ਿਲ੍ਹਾ ਕੋਆਰਡੀਨੇਟਰ ਇਸ ਦੀ ਰਿਪੋਰਟ ਮੁੱਖ ਦਫ਼ਤਰ ਨੂੰ ਕਰੇ।
11. ਵਿਜ਼ਟਰ ਬੁੱਕ ਤੇ ਟਿੱਪਣੀ ਸੀ.ਐਮ.ਟੀ. ਵਿਸਥਾਰ ਸਹਿਤ ਕਰੇ। ਸਕੂਲ ਦੇ ਵਧੀਆ ਅਤੇ ਮਾੜੇ ਪੱਖਾਂ ਬਾਰੇ ਸੀ.ਐਮ.ਟੀ. ਜ਼ਰੂਰ ਵਿਜ਼ਟਰ ਬੁੱਕ ਤੇ ਲਿਖੇ। ਪੜ੍ਹੋ ਪੰਜਾਬ ਦੇ ਪ੍ਰਗਤੀ ਬਾਰੇ ਸੀ.ਐਮ.ਟੀ. ਆਪਣੀ ਪਹਿਲਾਂ ਕੀਤੀ ਹੋਈ ਟਿੱਪਣੀ ਨੂੰ ਧਿਆਨ ਵਿੱਚ ਰੱਖ ਕੇ ਫਿਰ ਅੱਗੇ ਟਿੱਪਣੀ ਕਰੇ ਕਿ ਸਕੂਲ ਅਧਿਆਪਕਾਂ ਨੇ ਕਿੰਨੇ ਕੰਮ ਕਰ ਲਏ ਹਨ ਅਤੇ ਕਿੰਨੇ ਉਹਨਾਂ ਦੇ ਅਧੂਰੇ ਹਨ। ਇਸ ਬਾਰੇ ਵਿਜ਼ਟਰ ਬੁੱਕ ਤੇ ਜ਼ਰੂਰ ਜ਼ਿਕਰ ਕੀਤਾ ਜਾਵੇ।
12. ਸਕੂਲਾਂ ਦੀ ਵਿਜ਼ਟਰ ਬੁੱਕ ਤੇ ਸਕੂਲ, ਕਲੱਸਟਰ, ਬਲਾਕ, ਜ਼ਿਲ੍ਹਾ ਅਤੇ ਸਟੇਟ ਦੇ ਪੰਜਾਬੀ ਭਾਸ਼ਾ ਅਤੇ ਹਿਸਾਬ ਦੇ ਅਤੇ ਅੰਗਰੇਜ਼ੀ ਦੇ ਨਤੀਜਿਆਂ ਨੂੰ ਸੀ.ਐਮ.ਟੀ. ਦੁਆਰਾ ਜ਼ਰੂਰ ਲਿਖਿਆ ਜਾਵੇ ਤਾਂ ਜੋ ਕੋਈ ਵੀ ਅਧਿਕਾਰੀ ਵਿਜ਼ਟ ਦੌਰਾਨ ਸਕੂਲ ਦੀ ਪ੍ਰਗਤੀ ਨੂੰ ਜਾਣ ਸਕੇ ਅਤੇ ਘੱਟ ਨਤੀਜਿਆਂ ਵਾਲੇ ਸਕੂਲਾਂ ਤੇ ਵੱਧ ਫੋਕਸ ਕੀਤਾ ਜਾ ਸਕੇ।
13. ਉਹ ਸਕੂਲ ਜਿੰਨ੍ਹਾਂ ਦੀ ਪ੍ਰਗਤੀ ਬਹੁਤ ਘੱਟ ਹੈ, ਉਹਨਾਂ ਸਕੂਲਾਂ ਅੰਦਰ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਅਤੇ ਬੀ.ਪੀ.ਈ.ਓ.ਦੁਆਰਾ ਵਾਰ-ਵਾਰ ਵਿਜ਼ਟ ਕੀਤਾ ਜਾਵੇ ਤਾਂ ਜੋ ਇਹਨਾਂ ਸਕੂਲਾਂ ਦੇ ਨਤੀਜਿਆਂ ਅੰਦਰ ਸੁਧਾਰ ਹੋਣ।

14. ਜਿੰਨ੍ਹਾਂ ਸਕੂਲਾਂ ਦੇ ਨਤੀਜੇ ਸਟੇਟ ਦੇ ਨਤੀਜਿਆਂ ਨਾਲੋਂ ਘੱਟ ਹਨ ਉਹਨਾਂ ਦੀ ਸੂਚੀ ਕਲੱਸਟਰ ਵਾਈਜ਼ ਜ਼ਰੂਰ ਬਣਾ ਕੇ ਰੱਖੋ।ਨਤੀਜੇ ਘੱਟ ਹੋਣ ਦੇ ਕਾਰਨ ਵੀ ਜਾਣੇ ਜਾਣ।ਇਹ ਪੁੱਛ ਪੜਤਾਲ ਬਲਾਕ ਅਤੇ ਕਲੱਸਟਰ ਤੇ ਬੀ.ਐਮ.ਟੀ/ ਸੀ.ਐਮ.ਟੀ ਨਾਲ ਜਾਰੀ ਰੱਖੀ ਜਾਵੇ।

15. ਪੜ੍ਹੋ ਪੰਜਾਬ ਦੇ ਨਤੀਜਿਆਂ ਅਨੁਸਾਰ ਸਕੂਲਾਂ ਦੀ ਗਰੇਡਏਸ਼ਨ ੳ, ਅ, ੲ, ਸ, ਹ ਅਨੁਸਾਰ ਕਰ ਲਈ ਜਾਵੇ ਜਿਵੇਂ ਕਿ ੳ- 90%, ਅ-70%, ੲ- 60%, ਸ- 50%, ਹ-50% ਤੋਂ ਘੱਟ । ਸੀ.ਐਮ.ਟੀ.50% ਤੋਂ 70% ਵਾਲੇ ਸਕੂਲਾਂ ਤੇ ਵੱਧ ਧਿਆਨ ਕੇਂਦਰਿਤ ਕਰਕੇ ਇਹਨਾਂ ਦੇ ਨਤੀਜੇ ਬਿਹਤਰ ਲਿਆਉਣ ਲਈ ਇਹਨਾਂ ਸਕੂਲਾਂ ਅੰਦਰ ਸਖ਼ਤ ਮਿਹਨਤ ਕਰਵਾਏ।

16. ਹ ਗਰੇਡ ਵਾਲੇ ਸਕੂਲਾਂ ਤੇ ਪ੍ਰਥਮ ਕਲੱਸਟਰ ਕੋਆਰਡੀਨੇਟਰ ਦੁਆਰਾ ਇਹਨਾਂ ਦੀ ਪ੍ਰਗਤੀ ਸੁਧਾਰਨ ਲਈ ਮੂਵਮੈਂਟ ਰੂਪ ਵਿੱਚ ਕੰਮ ਕੀਤਾ ਜਾਣਾ ਹੈ ਪਰ ਸੀ.ਐਮ.ਟੀ. ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਵੀ ਇਹਨਾਂ ਸਕੂਲਾਂ ਵੱਲ ਧਿਆਨ ਦੇਵੇ।

17. ਸਕੂਲਾਂ ਅੰਦਰ ਗੈਰ ਹਾਜ਼ਰ ਵਿਦਿਆਰਥੀਆਂ ਦੇ ਰੋਜ਼ਾਨਾ ਹਾਜ਼ਰ ਹੋਣ ਸਬੰਧੀ ਬੀ.ਐਮ.ਟੀ/ਸੀ.ਐਮ.ਟੀ ਦੁਆਰਾ ਸਪੈਸ਼ਲ ਮੁਨੀਟਿਰਿੰਗ ਕੀਤੀ ਜਾਵੇ ਅਤੇ ਅਧਿਆਪਕਾਂ ਤੋਂ ਕਾਰਨ ਪੁੱਛੇ ਜਾਣ।

18. ਨਵੋਦਿਆ ਵਿਦਿਆਲੇ ਦੇ ਦਾਖਲੇ ਸਬੰਧੀ ਬੱਚਿਆਂ ਦੀ ਤਿਆਰੀ ਲਈ ਸਕੂਲ ਅਧਿਆਪਕਾਂ ਨੂੰ ਮੋਟੀਵੀਏਟ ਕੀਤਾ ਜਾਵੇ ਅਤੇ ਇਸ ਦੀ ਮੁਨੀਟਰਿੰਗ ਵੀ ਕੀਤੀ ਜਾਵੇ।

19. ਸਕੂਲਾਂ ਅੰਦਰ ਅਧਿਆਪਕਾਂ ਨੂੰ ਟੀ.ਐਲ.ਐਮ ਤਿਆਰ ਕਰਨ ਬਾਰੇ ਅਤੇ ਇਸ ਦੀ ਯੋਗ ਵਰਤੋਂ ਕਰਨ ਦੀ ਆਦਤ ਪਾਈ ਜਾਵੇ।ਪਾਠਕ੍ਰਮ ਅੰਦਰ ਬੱਚੇ ਦੀ ਦਿਲਚਸਪੀ ਪੈਦਾ ਕਰਨ ਲਈ ਅਧਿਆਪਕਾਂ ਨੂੰ ਟੀ.ਐਲ.ਐਮ. ਸਬੰਧੀ ਭੇਜੀ ਗਈ ਪੁਸਤਕ '**ਸਿਰਜਨਾਤਮਕ ਸਿੱਖਿਆ ਅਤੇ ਇਸ ਦੇ ਬੁਨਿਆਦੀ ਆਧਾਰ'** ਨੂੰ ਟੀਚਰ ਲਾਜ਼ਮੀ ਪੜ੍ਹਨ ਅਤੇ ਟੀ.ਐਲ.ਐਮ. ਬੱਚਿਆਂ ਨੂੰ ਨਾਲ ਲੈ ਕੇ ਹਰੇਕ ਸਕੂਲ ਵਿੱਚ ਤਿਆਰ ਕੀਤੀ ਜਾਵੇ।

20. ਸਕੂਲਾਂ ਅੰਦਰ ਪੰਜਾਬੀ ਭਾਸ਼ਾ ਦੀ ਪ੍ਰਫੁੱਲਤਾ ਲਈ ਮੁੱਖ ਦਫ਼ਤਰ ਵੱਲੋਂ ਜਾਰੀ ਪੱਤਰਾਂ ਅਨੁਸਾਰ ਸਕੂਲ ਕ੍ਰਿਆਵਾਂ ਬਹੁਤ ਮਹੱਤਤਾ ਰੱਖਦੀਆਂ ਹਨ। ਵੱਖ-ਵੱਖ ਤਰ੍ਹਾਂ ਦੇ ਮੁਕਾਬਲੇ ਜਿਵੇਂ ਭਾਸ਼ਨ, ਕੁਇਜ਼, ਪੇਂਟਿੰਗ, ਬੱਚਿਆਂ ਦੇ ਪਹਾੜਿਆਂ ਦੇ ਮੁਕਾਬਲੇ ਆਦਿ ਕਲੱਸਟਰ ਪੱਧਰ ਤੇ ਕਰਵਾਏ ਜਾਣ।

21. ਸਕੂਲ ਸਮੇਂ ਦੌਰਾਨ ਅਧਿਆਪਕ ਤੋਂ ਕੋਈ ਵੀ ਡਾਕ ਦਾ ਕੰਮ ਨਾ ਲਿਆ ਜਾਵੇ ਅਤੇ ਨਾ ਹੀ ਕੋਈ ਡਾਕ ਮੰਗਵਾਈ ਜਾਵੇ।ਜਿੱਥੇ ਕਿਤੇ ਡਾਕ ਮੰਗਵਾਈ ਜਾਂਦੀ ਹੈ ਉਸ ਦੀ ਸੂਚਨਾ ਤੁਰੰਤ ਆਪਣੇ ਪੜ੍ਹੋ ਪੰਜਾਬ ਕੋਆਰਡੀਨੇਟਰ ਜਾਂ ਮੁੱਖ ਦਫ਼ਤਰ ਦੇ ਫੋਨ ਨੰ. 0172-6541673 ਤੇ ਦਿੱਤੀ ਜਾਵੇ।

22. ਦਫ਼ਤਰ ਸਰਵ ਸਿੱਖਿਆ ਅਭਿਆਨ ਵੱਲੋਂ ਚਾਰ ਮੈਗਜ਼ੀਨ, ਆਲ੍ਹੇ-ਭੋਲ੍ਹੇ, ਪ੍ਰਾਇਮਰੀ ਸਿੱਖਿਆ, ਨਿੱਕੀਆਂ ਕਰੂੰਬਲਾਂ, ਪ੍ਰੀਤਲੜੀ ਸਕੂਲਾਂ ਅੰਦਰ ਭੇਜੇ ਜਾ ਰਹੇ ਹਨ।ਇਹ ਬੱਚਿਆਂ ਨੂੰ ਪੜ੍ਹਨ ਲਈ ਦਿੱਤੇ ਜਾਣ।

23. ਫਲਾਂ ਦੀ ਟੋਕਰੀ, ਗਾਲੜ੍ਹਾਂ ਦੀ ਸੈਰ, ਮਲੰਗ ਪਤੰਗ, ਚੂਚੇ ਦੀ ਸੈਰ, ਚਿੜੀਆ ਘਰ ਦਾ ਨਾਈ, ਲੰਡੋਰਾ ਬਾਂਦਰ, ਆਨੰਦੀ ਦੀ ਸਤਰੰਗੀ ਪੀਂਘ, ਤੱਪਸਿਆ, ਮੇਰੀ ਭੈਣ ਨੇਹਾ, ਚੰਚਲ ਬਾਲੜੀ ਮਾਮੂ, ਰੰਗ ਬਰੰਗੀ ਮੁਰਗੀ, ਗੋਪੀ ਨੇ ਪੀਂਘ ਝੂਟੀ, ਚੁਨ ਮੁਨ ਅਜਾਦ ਹੈ, ਇੱਕ ਰਾਤ ਜੰਗਲ ਵਿੱਚ, ਦਰੱਖਤਾਂ ਦੇ ਸਾਨੂੰ ਕੀ ਲਾਭ ਹਨ, ਬਿਰਜੂ ਦੀ ਮੁਸੀਬਤ ,ਲਾਲ ਪਤੰਗ ਅਤੇ ਲਾਲੂ, ਭੂਤ ਆਇਆ,ਨੰਨੀ ਗੁਆਚ ਗਈ, ਅਜਿਹਾ ਕਿਉਂ, ਬੋਹੜ ਦਾ ਦਰੱਖਤ, ਖਿਡੋਣੀਆਂ ਵਾਲੀ ਚਾਚੀ, ਸੂਰਜ ਅਤੇ ਚੰਦਰਮਾਂ, ਪੱਕੀ ਦੋਸਤੀ, ਮਾਂ ਦੇ ਬਰਾਬਰ ਹੋਰ ਕੌਣ, ਪਹੀਏ ਦੀ ਕਹਾਣੀ, ਅਨੋਖਾ ਰਿਸ਼ਤਾ, ਮੇਰਾ ਜੀਵਨ ਇੱਕ ਤਿਤਲੀ ਦੀ ਕਹਾਣੀ, ਅਨੋਖਾ ਸਾਹਸ, ਨੋ ਨੰਨੇ ਪੰਛੀ, ਸ਼ੇਰ ਅਤੇ ਕੰਡੇਰਨੇ, ਦਾਦੀ ਉਣਦੀ ਹੈ, ਪੰਚਤੰਤਰ ਵਿਚੋਂ ਤਿੰਨ ਕਹਾਣੀਆਂ, ਕਿਸੇ ਨੂੰ ਡੰਗਣਾ ਨਹੀਂ, ਫੁੰਕਾਰਾਂ ਛੱਡਣਾ ਨਹੀਂ, ਖੁਸ਼ੀ ਭਰਿਆ ਦਿਨ ਐਤਵਾਰ। ਇਹ ਕਿਤਾਬਾ ਪੰਜਾਬ ਟੈਕਸਟ ਬੁੱਕ ਬੋਰਡ ਅਤੇ ਐਨ.ਬੀ.ਟੀ ਤੋ ਖਰੀਦ ਕੇ ਸਕੂਲਾਂ ਨੂੰ ਭੇਜੀਆਂ ਗਈਆਂ ਹਨ ।

24. ਲੰਬੂ ਪਾਖ਼ਰ, ਨਿੱਕਾ ਭੋਡੂ, ਬੋਬੀ ਤੇ ਉਹਦੇ ਜਾਦੂ ਰੰਗ, ਇੱਕ ਸੀ ਮਗਰਮੱਛਣੀ, ਅਨੋਖੀ ਘੜੀ, ਕੱਛੂ ਦਾ ਵਿਆਹ, ਸ਼ਰਾਰਤੀ ਮੰਟੂ, ਅੰਬਰ ਵੱਲ ਪਰਵਾਜ਼, ਠੱਗਾਂ ਦੇ ਹੱਥਕੰਡੇ, ਵੱਡੇ ਨਾਂ ਦੀ ਮਹਿਮਾ, ਦੋਸਤ ਦੀ ਪ੍ਰਾਪਤੀ, ਲਾਲਚ ਬੁਰੀ ਬਲਾ ਆਦਿ ਕਿਤਾਬਾਂ ਸਰਵ ਸਿੱਖਿਆ ਅਭਿਆਨ ਵੱਲੋਂ ਪ੍ਰਿੰਟ ਕਰਾਕੇ ਸਕੂਲਾਂ ਲਈ ਭੇਜੀਆਂ ਗਈਆਂ ਹਨ।

25. ਸਕੂਲ ਦਾ ਹਰ ਇਕ ਬੱਚਾ ਰੀਡਿੰਗ ਸੈੱਲ 'ਚ ਭੇਜੀਆਂ ਕਿਤਾਬਾਂ ਨੂੰ ਮਿਤੀ 10.3.2010 ਤੱਕ ਜ਼ਰੂਰ ਪੜ੍ਹੇ।ਇਸ ਦੀ ਮੁਨੀਟਰਿੰਗ ਵੀ ਸੀ.ਐਮ.ਟੀ. ਦੁਆਰਾ ਕੀਤੀ ਜਾਵੇ।

26. ਕਿਤਾਬਾਂ ਅਤੇ ਮੈਗਜ਼ੀਨਾਂ ਨੂੰ ਭੇਜੇ ਜਾਣ ਦਾ ਮਨੋਰਥ ਬੱਚੇ ਅੰਦਰ ਪੜ੍ਹਨ ਲਿਖਣ ਦੀਆਂ ਰੁਚੀਆਂ ਵਿਕਸਤ ਕਰਨਾ ਹੈ। ਹਰੇਕ ਬੀ.ਐਮ.ਟੀ/ਸੀ.ਐਮ.ਟੀ ਇਸ ਗੱਲ ਨੂੰ ਯਕੀਨੀ ਬਣਾਵੇ ਕਿ ਸਕੂਲਾਂ ਅੰਦਰ ਬੱਚਿਆਂ ਨੂੰ ਮੈਗਜ਼ੀਨ ਅਤੇ ਕਿਤਾਬਾਂ ਪੜ੍ਹਨ ਨੂੰ ਦਿੱਤੀਆਂ ਜਾ ਰਹੀਆਂ ਹਨ। ਬੀ.ਐਮ.ਟੀ/ ਸੀ.ਐਮ.ਟੀ ਸਕੂਲ ਵਿਜ਼ਿਟ ਦੌਰਾਨ ਬੱਚਿਆਂ ਨੂੰ ਦਿੱਤੀਆਂ ਜਾ ਰਹੀਆਂ ਕਿਤਾਬਾਂ ਬਾਰੇ ਪੁਸਤਕ ਜਾਰੀ ਕਰਨ ਸਬੰਧੀ ਰਜਿਸਟਰ ਨੂੰ ਜ਼ਰੂਰ ਦੇਖਣ।

27. ਸੀ.ਐਮ.ਟੀ. ਇਸ ਗੱਲ ਨੂੰ ਯਕੀਨੀ ਬਣਾਵੇ ਕਿ ਸਕੂਲ ਪਲੈਨਿੰਗ ਕਰਕੇ ਅਧਿਆਪਕ ਵੱਲੋਂ ਪੜ੍ਹੋ ਪੰਜਾਬ ਤਕਨੀਕ ਅਨੁਸਾਰ ਕੰਮ ਕਰਵਾਇਆ ਜਾ ਰਿਹਾ ਹੈ। ਜੇਕਰ ਅਜੇ ਵੀ ਪੰਨਾ ਨੰਬਰ 3 ਤੇ ਪੰਨਾ ਨੰਬਰ 5 ਬਾਰੇ ਅਧਿਆਪਕ ਨੂੰ ਜਾਣਕਾਰੀ ਨਹੀਂ ਹੈ ਤਾਂ ਸੀ.ਐਮ.ਟੀ. ਦੀ ਜ਼ਿੰਮੇਵਾਰੀ ਬਣਦੀ

ਹੈ ਕਿ ਉਹ ਉਸ ਨੂੰ ਉਸ ਪਲੈਨਿੰਗ ਅਨੁਸਾਰ ਅਤੇ ਹਾਸਲ ਕੀਤੀ ਜਾਣ ਵਾਲੇ ਟੀਚਿਆਂ ਅਨੁਸਾਰ ਉਸ ਨੂੰ ਸਕੂਲ ਅੰਦਰ ਟ੍ਰੇਨਿੰਗ ਦੇਵੇ ਅਤੇ ਸਕੂਲ ਦੀ ਪਲੈਨਿੰਗ ਕਰੇ।

28. ਹਰੇਕ ਸੀ.ਐਮ.ਟੀ. ਅਤੇ ਬੀ.ਐਮ.ਟੀ. ਸਮੇਂ ਦਾ ਪਾਬੰਦ ਹੋਵੇ ਅਤੇ ਉਹ ਸਕੂਲ ਲੱਗਣ ਤੋਂ 5 ਤੋਂ 10 ਮਿੰਟ ਪਹਿਲਾਂ ਸਕੂਲ ਵਿੱਚ ਹਾਜ਼ਰ ਹੋਵੇ ਅਤੇ ਸਕੂਲ ਦਾ ਸਮਾਂ ਪੂਰਾ ਹੋਣ ਤੇ ਹੀ ਸਕੂਲ ਨੂੰ ਛੱਡੇ।
29. ਮਹਿਲਾਂ ਦੀ ਤਰਕਸੰਗਤ ਵੰਡ ਹੋਣੀ ਬਹੁਤ ਜ਼ਰੂਰੀ ਹੈ। ਸੀ.ਐਮ.ਟੀ. ਇਸ ਗੱਲ ਨੂੰ ਵੀ ਧਿਆਨ 'ਚ ਰੱਖੇ ਕਿ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਵੱਖ-ਵੱਖ ਮਹਿਲਾਂ ਦੀ ਵੰਡ ਸਹੀ ਕੀਤੀ ਗਈ ਹੈ।
30. ਜਿੰਨ੍ਹਾਂ ਸਕੂਲਾਂ ਦੇ ਨਤੀਜੇ ਸਟੇਟ ਦੇ ਨਤੀਜਿਆਂ ਨਾਲੋਂ ਜਾਂ ਜ਼ਿਲ੍ਹੇ ਦੇ ਨਤੀਜਿਆਂ ਨਾਲੋਂ ਮਾੜੇ ਰਹੇ ਹਨ ਸੀ.ਐਮ.ਟੀ. ਉਹਨਾਂ ਸਕੂਲਾਂ ਤੇ ਵਿਸ਼ੇਸ਼ ਫੋਕਸ ਕਰੇ ਅਤੇ ਬੀ.ਐਮ.ਟੀ. ਉਸ ਕਲੱਸਟਰ ਤੇ ਵਿਸ਼ੇਸ਼ ਫੋਕਸ ਕਰੇ।
31. ਸੀ.ਐਮ.ਟੀ. ਇਸ ਨੂੰ ਆਪਣਾ ਨਿੱਤਨੇਮ ਬਣਾਵੇ ਉਸ ਨੇ ਆਪਣੇ ਸਾਰੇ ਸਕੂਲਾਂ ਦੇ ਮੁਖੀਆਂ ਨਾਲ ਪੜ੍ਹੋ ਪੰਜਾਬ ਦੀ ਪ੍ਰਗਤੀ ਬਾਰੇ ਰੋਜ਼ਾਨਾ ਗੱਲ ਕਰਨੀ ਹੈ।
32. ਸੀ.ਐਮ.ਟੀ. ਸਕੂਲਾਂ ਦੀ ਲਗਾਤਾਰ ਮੁਨੀਟਰਿੰਗ ਕਰੇ, ਹੁਣ ਕਿਤੇ ਵੀ ਖੱਪਾ ਨਹੀਂ ਰਹਿਣਾ ਚਾਹੀਦਾ, ਹਫ਼ਤੇ ਵਿੱਚ ਇਕ ਵਾਰ ਸਕੂਲ ਜ਼ਰੂਰ ਵਿਜ਼ਟ ਹੋਣਾ ਚਾਹੀਦਾ ਹੈ।
33. ਸੀ.ਐਮ.ਟੀ. ਦਾ ਰੋਲ ਅਧਿਆਪਕਾਂ ਲਈ ਸਹਾਇਤਾ ਵਾਲਾ ਹੋਣਾ ਚਾਹੀਦਾ ਹੈ। ਤੇ ਇਹ ਵਧੀਆ ਗੱਲ ਹੋਵੇਗੀ ਕਿ ਸੀ.ਐਮ.ਟੀ. ਜਿਹੜੇ ਵੀ ਸਕੂਲ ਅੰਦਰ ਜਾਂਦਾ ਹੈ ਉਹ ਉਸ ਸਕੂਲ ਦੇ ਕਮਜ਼ੋਰ ਬੱਚਿਆਂ ਨੂੰ ਉੱਪਰ ਚੁੱਕਣ ਕਰਨ ਦੇ ਲਈ ਕੋਈ ਇਕ ਮਹਿਲ ਲੈ ਕੇ ਇਹਨਾਂ ਬੱਚਿਆਂ ਨੂੰ ਲਾਜ਼ਮੀ ਕੰਮ ਕਰਾਵੇ। ਅਤੇ ਉਸ ਮਹਿਲ ਦੇ ਅਧਿਆਪਕ ਨੂੰ ਵੀ ਨਾਲ ਰੱਖੇ।
34. ਮਟੀਰੀਅਲ ਬਾਰੇ ਜਾਣਕਾਰੀ ਦੇਣਾ ਸੀ.ਐਮ.ਟੀ. ਦੀ ਜ਼ਿੰਮੇਵਾਰੀ ਹੈ। ਪਰ ਵਾਰ-ਵਾਰ ਹਦਾਇਤਾਂ ਦੇ ਬਾਵਜੂਦ ਵੀ ਅਜੇ ਤੱਕ ਅਧਿਆਪਕ ਪੂਰੀ ਤਰ੍ਹਾਂ ਮਟੀਰੀਅਲ ਦੀ ਪਛਾਣ ਨਹੀਂ ਰੱਖ ਰਹੇ।
35. ਬੱਚਿਆਂ ਦੀਆਂ ਅਭਿਆਸ ਪੁਸਤਕਾਂ (Work Books) ਤੇ ਅਧਿਆਪਕ ਦੁਆਰਾ ਕਰਵਾਏ ਗਏ ਕੰਮ ਨੂੰ ਸੀ.ਐਮ.ਟੀ. ਜ਼ਰੂਰ ਦੇਖੇ। ਦੇਖਣ ਵਿੱਚ ਆਇਆ ਹੈ ਕਿ ਅਧਿਆਪਕਾਂ ਦੁਆਰਾ ਅਭਿਆਸ ਪੁਸਤਕਾ ਤੇ ਕੰਮ ਨਹੀਂ ਕਰਵਾਇਆ ਜਾ ਰਿਹਾ ।
36. ਬੱਚਿਆਂ ਦੇ ਪ੍ਰਗਤੀ ਰਿਪੋਰਟ ਕਾਰਡ ਅਧਿਆਪਕ ਦੁਆਰਾ ਭਰੇ ਜਾਣ ਅਤੇ ਇਹਨਾਂ ਤੇ ਮਾਪਿਆਂ ਦੇ ਵੀ ਦਸਤਖਤ ਕਰਵਾਏ ਜਾਣ।

37. ਪ੍ਰਗਤੀ ਕਾਰਡ ਤੇ ਬੱਚਿਆਂ ਦੇ ਦਰਜ ਕੀਤੇ ਗਏ ਨੰਬਰਾਂ ਅਤੇ ਕੀਤੀ ਗਈ ਗਰੇਡਿੰਗ ਨੂੰ ਵੀ ਦੇਖਣਾ ਸੀ.ਐਮ.ਟੀ. ਦੀ ਜ਼ਿੰਮੇਵਾਰੀ ਹੈ। ਇਸ ਵਿੱਚ ਅਧਿਆਪਕ ਦੁਆਰਾ ਸਕੂਲ ਵਿੱਚ ਬੱਚਿਆਂ ਦੇ ਪੇਪਰ ਦੇਖੇ ਜਾਂਦੇ ਹਨ ਉਹਨਾਂ ਨੂੰ ਵੀ ਸੀ.ਐਮ.ਟੀ. ਜ਼ਰੂਰ ਦੇਖੇਗਾ ਕਿ ਬੱਚਿਆਂ ਦੇ ਪੇਪਰਾਂ ਤੇ ਕੀਤੀ ਗਈ ਮਾਰਕਿੰਗ ਸਹੀ ਹੈ ਜਾਂ ਗਲ਼ਤ।
38. ਸੀ.ਐਮ.ਟੀ. ਅਤੇ ਬੀ.ਐਮ.ਟੀ. ਇਸ ਗੱਲ ਨੂੰ ਯਕੀਨੀ ਬਣਾਏਗਾ ਕਿ ਜਦ ਵੀ ਉਹ ਸਕੂਲ ਅੰਦਰ ਮੁਨੀਟਰਿੰਗ ਲਈ ਜਾਂਦਾ ਹੈ ਤਾਂ ਪੜ੍ਹੋ ਪੰਜਾਬ ਤਹਿਤ ਦੱਸੀਆਂ ਗਈਆਂ ਖੇਡਾਂ ਰਾਹੀਂ ਬੱਚਿਆਂ ਨੂੰ ਉਹ ਆਪਣੇ ਪੱਧਰ ਤੇ ਦੱਸਣ ਦੀ ਕੋਸ਼ਿਸ਼ ਕਰੇ ਅਤੇ ਅਧਿਆਪਕ ਨੂੰ ਇਸ ਪ੍ਰਤੀ ਪ੍ਰੇਰਿਤ ਕਰੇ। ਤਾਂ ਜੋ ਪੜ੍ਹੋ ਪੰਜਾਬ ਦਾ ਅਸਲੀ ਮਕਸਦ ਪੂਰਾ ਹੋ ਸਕੇ।
39. ਕਾਪੀਆਂ ਦੀ ਚੈਕਿੰਗ ਬਾਰੇ ਵੀ ਸੀ.ਐਮ.ਟੀ. ਵਿਜ਼ਟਰ ਬੁੱਕ ਤੇ ਜ਼ਰੂਰ ਲਿਖੇਗਾ ਕਿ ਅਧਿਆਪਕ ਵੱਲੋਂ ਕਾਪੀਆਂ ਸਮੇਂ ਸਿਰ ਚੈੱਕ ਕੀਤੀਆਂ ਜਾ ਰਹੀਆਂ ਹਨ ਜਾਂ ਨਹੀਂ ਅਤੇ ਇਹ ਵੀ ਦੇਖੇ ਕਿ ਸਕੂਲ ਵਿੱਚ ਪੜ੍ਹੋ ਪੰਜਾਬ ਦੀਆਂ ਖੇਡਾਂ ਕਰਵਾਈਆਂ ਜਾ ਰਹੀਆਂ ਹਨ ਜਾਂ ਨਹੀ।
40. ਵੱਖ-ਵੱਖ ਤਰ੍ਹਾਂ ਦਾ ਸਕੂਲ ਲਈ ਭੇਜਿਆ ਗਿਆ ਸਪਲੀਮੈਂਟਰੀ ਮਟੀਰੀਅਲ ਜਿਵੇਂ ਪੜ੍ਹੋ ਪੰਜਾਬ ਸਬੰਧੀ, ਲਾਇਬ੍ਰੇਰੀ ਦੀਆਂ ਕਿਤਾਬਾਂ, ਨਵੋਦਿਆ ਦੀ ਬੁੱਕਲੈਟ ਭਾਗ ਪਹਿਲਾ ਅਤੇ ਭਾਗ ਦੂਜਾ ਟੀ.ਐਲ.ਐਮ ਸਬੰਧੀ, ਮੈਗਜ਼ੀਨ ਆਦਿ ਜੇਕਰ ਸਕੂਲ ਅੰਦਰ ਉਪਲਬਧ ਨਹੀਂ ਹੈ ਤਾਂ ਇਸ ਦੀ ਜਾਣਕਾਰੀ ਸੀ.ਐਮ.ਟੀ. ਬੀ.ਐਮ.ਟੀ. ਨੂੰ ਦੇਵੇਗਾ ਅਤੇ ਬੀ.ਐਮ.ਟੀ. ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ ਨੂੰ ਦੇਵੇਗਾ ਅਤੇ ਅੱਗੋ ਜ਼ਿਲ੍ਹਾ ਕੋਆਰਡੀਨੇਟਰ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸਿੱਧਾ ਮੁੱਖ ਦਫ਼ਤਰ ਨੂੰ ਸੂਚਿਤ ਕਰੇ ਕਿ ਸਕੂਲ ਅੰਦਰ ਸਪਲੀਮੈਂਟਰੀ ਮਟੀਰੀਅਲ ਕਿਉਂ ਨਹੀਂ ਪਹੁੰਚਿਆ।
41. ਸੀ.ਐਮ.ਟੀ/ਬੀ.ਐਮ.ਟੀ. ਜਾਂ ਪੀ.ਸੀ.ਸੀ.ਆਪਣੀ ਡਾਇਰੀ ਕਿਸੇ ਵੀ ਹਾਲਤ ਵਿੱਚ 3:00 ਵਜੇ ਤੋਂ ਪਹਿਲਾ ਨਹੀਂ ਭਰਕੇ ਰੱਖੇਗਾ।
42. ਬੱਚਿਆਂ ਦੀ ਰੈਨਡਿੰਮ ਟੈਸਟਿੰਗ ਸੀ.ਐਮ.ਟੀ ਅੱਧੀ ਛੁੱਟੀ ਤੋਂ ਬਾਅਦ ਕਰੇਗਾ।
43. ਪੜ੍ਹੋ ਪੰਜਾਬ ਰਜਿਸਟਰ ਹਰ ਸਮੇਂ ਸਕੂਲ ਵਿੱਚ ਹੀ ਰਹਿਣਾ ਚਾਹੀਦਾ ਹੈ ਉਸ ਨੂੰ ਨਾ ਅਧਿਆਪਕ ਅਤੇ ਨਾ ਹੀ ਸੀ.ਐਮ.ਟੀ. ਆਪਣੇ ਘਰ ਲੈ ਕੇ ਜਾਵੇਗਾ।
44. ਪੀ.ਸੀ.ਸੀ. ਦੇ ਸਕੂਲ ਵਿਜ਼ਟ ਨਾ ਕਰਨ ਦੀ ਰਿਪੋਰਟ ਵੀ ਸੀ.ਐਮ.ਟੀ. ਨੂੰ ਪਤਾ ਹੋਣੀ ਚਾਹੀਦੀ ਹੈ ਤੇ ਅੱਗੋਂ ਇਸ ਦੀ ਸੂਚਨਾ ਬੀ.ਐਮ.ਟੀ. ਨੂੰ ਦੇਵੇ, ਬੀ.ਐਮ.ਟੀ. ਅੱਗੋਂ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ ਨੂੰ ਅਤੇ ਜ਼ਿਲ੍ਹਾ ਕੋਆਰਡੀਨੇਟਰ ਦੀ ਜ਼ਿੰਮੇਵਾਰੀ ਹੈ ਕਿ ਉਹ ਮੁੱਖ ਦਫ਼ਤਰ ਨੂੰ ਇਸ ਦੀ ਸੂਚਨਾ ਜ਼ਰੂਰ ਦੇਵੇ।ਇਸ ਦੀ ਜਾਣਕਾਰੀ ਪ੍ਰਥਮ ਦੇ ਜ਼ਿਲ੍ਹਾ ਕੋਆਰਡੀਨੇਟਰ ਨੂੰ ਦਿੱਤੀ ਜਾ ਸਕਦੀ ਹੈ।

45. ਜੇਕਰ ਕਿਸੇ ਕਲੱਸਟਰ ਦਾ ਪੀ.ਸੀ.ਸੀ. ਵਾਰ-ਵਾਰ ਬਦਲਿਆ ਜਾ ਰਿਹਾ ਹੈ ਤਾਂ ਉਸ ਦੀ ਸੂਚਨਾ ਵੀ ਮੁੱਖ ਦਫ਼ਤਰ ਨੂੰ ਦਿੱਤੀ ਜਾਵੇ। ਕਿਉਂਕਿ ਵਾਰ-ਵਾਰ ਪੀ.ਸੀ.ਸੀ. ਬਦਲਣ ਨਾਲ ਪੜ੍ਹੋ ਪੰਜਾਬ ਮੁਨੀਟਰਿੰਗ ਤੇ ਮਾੜਾ ਅਸਰ ਪੈਦਾ ਹੈ।

46. ਸੀ.ਐਮ.ਟੀ. ਅਤੇ ਬੀ.ਐਮ.ਟੀ. ਇਸ ਗੱਲ ਨੂੰ ਯਕੀਨੀ ਬਣਾਏਗਾ ਕਿ ਤਿੰਨੇ ਵਿਸ਼ਿਆਂ (ਪੰਜਾਬੀ, ਗਣਿਤ, ਅੰਗਰੇਜ਼ੀ) ਇਕਸਾਰਤਾ ਵਜੋਂ ਪੂਰਾ ਸਮਾਂ ਦਿੱਤਾ ਜਾਵੇ।

47. ਇਹ ਧਿਆਨ ਵਿੱਚ ਆਇਆ ਹੈ ਕਿ ਕਈ ਵਾਰ ਸੀ.ਐਮ.ਟੀ. ਅਧਿਆਪਕ ਦੁਆਰਾ ਪੁੱਛੇ ਗਏ ਸਵਾਲਾਂ ਦਾ ਜਵਾਬ ਨਹੀਂ ਦਿੰਦੇ ਜੋ ਕਿ ਮਾੜੀ ਪ੍ਰਵਿਰਤੀ ਹੈ। ਹਰ ਤਰ੍ਹਾਂ ਦੇ ਕੁਆਲਿਟੀ ਵਿਸ਼ੇ ਤੇ ਪੁੱਛੇ ਗਏ ਸਵਾਲ ਦਾ ਜਵਾਬ ਦੇਣਾ ਸੀ.ਐਮ.ਟੀ. ਦੀ ਜ਼ਿੰਮੇਵਾਰੀ ਬਣਦੀ ਹੈ। ਜੇਕਰ ਸੀ.ਐਮ.ਟੀ. ਇਸ ਬਾਰੇ ਨਹੀਂ ਜਾਣਦਾ ਤਾਂ ਉਹ ਇਸ ਸਬੰਧ 'ਚ ਬੀ.ਐਮ.ਟੀ. ਜਾਂ ਪੜ੍ਹੋ ਪੰਜਾਬ ਕੋਆਰਡੀਨੇਟਰ ਨਾਲ ਸੰਪਰਕ ਕਰਕੇ ਅਧਿਆਪਕ ਦੇ ਪੁੱਛੇ ਗਏ ਸਵਾਲਾਂ ਦਾ ਜਵਾਬ ਦੇਵੇ।

48. ਪੀ.ਸੀ.ਸੀ. ਨਾਲ ਵੀ ਸੀ.ਐਮ.ਟੀ. ਰਾਬਤਾ ਰੱਖੇ ਅਤੇ ਕਲੱਸਟਰ ਦੀ ਪਲੈਨਿੰਗ ਦੱਸੇ। ਇਹ ਨਾ ਹੋਵੇ ਕਿ ਪੀ.ਸੀ.ਸੀ. ਅਤੇ ਸੀ.ਐਮ.ਟੀ. ਵੱਖ-ਵੱਖ ਪਲੈਨਿੰਗ ਅਨੁਸਾਰ ਅਧਿਆਪਕਾਂ ਨੂੰ ਕੰਮ ਕਰਨ ਬਾਰੇ ਕਨਫਿਊਜ਼ ਨਾ ਕਰਨ। ਦਿਨ ਵਿੱਚ ਦੋਨਾਂ ਦੀ ਕਲੱਸਟਰ ਦੀ ਮੁਨੀਟਰਿੰਗ ਅਤੇ ਪ੍ਰਗਤੀ ਬਾਰੇ ਇਕ ਵਾਰ ਜ਼ਰੂਰ ਗੱਲ ਹੋਣੀ ਚਾਹੀਦੀ ਹੈ।

49. ਸੀ.ਐਮ.ਟੀ. ਅਤੇ ਬੀ.ਐਮ.ਟੀ. ਪੜ੍ਹੋ ਪੰਜਾਬ ਦੇ ਨਤੀਜਿਆਂ ਦੇ ਸੁਧਾਰ ਪੱਖੋਂ ਸਕੂਲ ਵਿੱਚ ਅਧਿਆਪਕ ਨੂੰ ਟੀਚਾ ਜ਼ਰੂਰ ਦੇ ਕੇ ਆਵੇਗਾ। ਤਾਂ ਜੋ ਅਗਲੇ ਸਮੇਂ ਵਿੱਚ ਸੀ.ਐਮ.ਟੀ. ਦੀ ਸਕੂਲ ਵਿਜ਼ਟ ਦੌਰਾਨ ਅਧਿਆਪਕ ਦੁਆਰਾ ਉਹ ਟੀਚਾ ਪੂਰਾ ਕੀਤਾ ਹੋਣਾ ਚਾਹੀਦਾ ਹੈ। ਇਸ ਨਾਲ ਮਿੱਥੇ ਟੀਚਿਆਂ ਨੂੰ ਅਸੀਂ ਸਮੇਂ ਸਿਰ ਪੂਰਾ ਕਰ ਲਵਾਗੇ।

50. ਪੜ੍ਹੋ ਪੰਜਾਬ ਦੀ ਸਮੁੱਚੀ ਟੀਮ ਨੂੰ ਬੇਨਤੀ ਹੈ ਕਿ ਉਹ ਕਿਰਪਾ ਕਰਕੇ 31 ਮਾਰਚ ਤੱਕ ਜਿੱਥੇ ਤੱਕ ਸੰਭਵ ਹੋ ਸਕੇ ਛੁੱਟੀ ਲੈਣ ਤੋਂ ਗੁਰੇਜ਼ ਕਰਨ।

51. ਸੀ.ਐਮ.ਟੀ. ਸਾਰੇ ਸਕੂਲਾਂ 'ਚ ਵਿਜ਼ਟ ਕਰੇ ਪਰ ਉਸ ਦਾ ਵਿਸ਼ੇਸ਼ ਧਿਆਨ ਆਪਣੇ ਕਲੱਸਟਰ ਦੇ ਸਕੂਲਾਂ ਦੀ ਗਰੇਡਿੰਗ ਪੱਖੋਂ ੲ, ਸ ਅਤੇ ਹ ਸਕੂਲਾਂ ਤੇ ਵੱਧ ਧਿਆਨ ਕੇਂਦਰਿਤ ਹੋਵੇ।

52. ਸਕੂਲਾਂ ਦੀ ਮੁਨੀਟਰਿੰਗ ਪੱਖੋਂ ਬੀ.ਐਮ.ਟੀ., ਸੀ.ਐਮ.ਟੀ. ਅਤੇ ਜ਼ਿਲ੍ਹਾ ਕੋਆਰਡੀਨੇਟਰ ਇਸ ਗੱਲ ਨੂੰ ਧਿਆਨ 'ਚ ਰੱਖ ਕੇ ਕੰਮ ਕਰਨ ਕਿ ਇਸ ਵਾਰ ਪੜ੍ਹੋ ਪੰਜਾਬ ਦੇ ਪੋਸਟ ਟੈਸਟ ਦੇ ਨਤੀਜਿਆਂ ਨੂੰ ਬਾਹਰਲੇ ਜ਼ਿਲ੍ਹਿਆਂ ਨੂੰ ਡਿਊਟੀਆਂ ਸੌਂਪੀਆਂ ਜਾ ਰਹੀਆਂ ਹਨ।

53. ਨਿਆਰ (**NIAR**) ਮਸੂਰੀ ਵੱਲੋਂ ਵੀ ਜਨਵਰੀ ਅਤੇ ਫਰਵਰੀ ਮਹੀਨੇ ਵਿੱਚ ਪੜ੍ਹੋ ਪੰਜਾਬ ਦੀ ਟੈਸਟਿੰਗ ਕੀਤੀ ਜਾ ਰਹੀ ਹੈ। ਸੋ ਸੀ.ਐਮ.ਟੀ., ਬੀ.ਐਮ.ਟੀ ਅਤੇ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ

ਪੰਜਾਬ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਵੱਧ ਤੋਂ ਵੱਧ ਮਿਹਨਤ ਨਾਲ ਕੰਮ ਕਰਵਾਉਣ ਤਾਂ ਜੋ ਨਤੀਜੇ ਵਧੀਆ ਆ ਸਕਣ।

54. ਪਸਵਕ ਟ੍ਰੇਨਿੰਗਾਂ ਪਿੰਡ/ਸ਼ਹਿਰ ਵਿੱਚ ਕਿਸੇ ਸਾਂਝੀ ਥਾਂ ਤੇ ਕਰਵਾਈਆਂ ਜਾਣੀਆਂ ਹਨ ਕਿਉਂਕਿ ਪਿੰਡ/ਸ਼ਹਿਰ ਵਿੱਚ ਲੋਕ ਜ਼ਿਆਦਾ ਇਕੱਠੇ ਹੋ ਸਕਦੇ ਹਨ ਇਸ ਨਾਲ ਸਮੁਦਾਇ ਅੰਦਰ ਸਕੂਲ ਸਿੱਖਿਆ ਵਿਭਾਗ ਵੱਲੋਂ ਕੀਤੇ ਜਾਣ ਵਾਲੇ ਕੰਮਾਂ ਦਾ ਚੰਗੇਰਾ ਪ੍ਰਭਾਵ ਪਵੇਗਾ।
55. ਪਸਵਕ ਦੀਆਂ ਸੀ.ਐਮ.ਟੀ. ਦੁਆਰਾ ਦਿੱਤੀਆਂ ਜਾਣ ਵਾਲੀਆਂ ਟ੍ਰੇਨਿੰਗਾਂ ਵਿੱਚ ਸੀ.ਐਮ.ਟੀ. ਇਹ ਯਕੀਨੀ ਬਣਾਏਗਾ ਕਿ ਸਕੂਲਾਂ ਅੰਦਰ ਸਿੱਖਿਆ ਅੰਦਰ ਕੀਤੇ ਜਾ ਰਹੇ ਗੁਣਵੱਤਾ ਦੇ ਸੁਧਾਰ ਪੱਖੋਂ ਸ਼ੁਰੂ ਕੀਤੇ ਪ੍ਰਾਜੈਕਟ ਪੜ੍ਹੋ ਪੰਜਾਬ ਬਾਰੇ ਮਾਪਿਆਂ ਨੂੰ ਦੱਸਿਆ ਜਾਵੇ। ਸੀ.ਐਮ.ਟੀ. ਟ੍ਰੇਨਿੰਗ ਦੇ ਪਹਿਲੇ ਪੜਾਅ ਦੌਰਾਨ ਜੋ ਕਿ ਜਨਵਰੀ ਮਹੀਨੇ ਵਿੱਚ ਹੋਵੇਗਾ ਇਸ ਵਿੱਚ ਸੀ.ਐਮ.ਟੀ. ਪੜ੍ਹੋ ਪੰਜਾਬ, ਰੀਡਿੰਗ ਸੈੱਲ, ਬੱਚਿਆਂ ਨੂੰ ਦਿੱਤੀਆਂ ਜਾਣ ਵਾਲੀਆਂ ਕਿਤਾਬਾਂ, ਪੜ੍ਹੋ ਪੰਜਾਬ ਮਟੀਰੀਅਲ ਆਦਿ ਬਾਰੇ ਸਮੁਦਾਇ ਨੂੰ ਵਿਸ਼ਾਲ ਰੂਪ ਵਿੱਚ ਜਾਣਕਾਰੀ ਦੇਣਗੇ।
56. ਪਿੰਡ ਦੀਆਂ ਜਿੰਨੀਆਂ ਵੀ ਆਗਨਵਾੜੀ ਵਰਕਰ ਹੋਣ ਉਹਨਾਂ ਸਭ ਨੂੰ ਪਸਵਕ ਟ੍ਰੇਨਿੰਗਾਂ ਵਿੱਚ ਸ਼ਾਮਿਲ ਕੀਤਾ ਜਾਵੇ।
57. ਸਕੂਲ ਅੰਦਰ ਅਧਿਆਪਕ ਜਾਂ ਮੈਂਬਰ ਸਕੱਤਰ ਅਧਿਆਪਕ ਦੁਆਰਾ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇਗਾ ਕਿ ਪਸਵਕ ਲਈ ਆਗਨਵਾੜੀ ਵਰਕਰਾਂ ਨੂੰ ਪਸਵਕ ਮੈਂਬਰ ਵਜੋਂ ਨਿਯੁਕਤ ਕੀਤਾ ਜਾ ਚੁੱਕਿਆ ਹੈ।
58. ਪਸਵਕ ਟ੍ਰੇਨਿੰਗਾਂ ਦਾ ਦੂਸਰਾ ਪੜਾਅ ਫਰਵਰੀ ਮਹੀਨੇ ਵਿੱਚ ਹੋਵੇਗਾ।ਇਸ ਵਿੱਚ ਸੀ.ਐਮ.ਟੀ. ਭਾਈਚਾਰੇ ਦੇ ਸਾਹਮਣੇ ਬੱਚਿਆਂ ਦੇ ਵੱਖ-ਵੱਖ ਮੁਕਾਬਲੇ ਜਿਵੇਂ ਕਵਿਤਾ,ਗੀਤ, ਪੇਂਟਿੰਗ ਆਦਿ ਕਰਵਾ ਕੇ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਦੀ ਪੜ੍ਹਾਈ ਦੇ ਸੁਧਰੇ ਮਿਆਰ ਨੂੰ ਭਾਈਚਾਰੇ ਨਾਲ ਸਾਂਝਾ ਕਰਨਗੇ ਤਾਂ ਜੋ ਸਰਕਾਰੀ ਸਕੂਲਾਂ ਦੀ ਚੰਗੀ ਕਾਰਗੁਜ਼ਾਰੀ ਦਾ ਸੰਦੇਸ਼ ਪਿੰਡ/ਸ਼ਹਿਰ ਤੱਕ ਪੁੱਜਦਾ ਹੋ ਸਕੇ ਅਤੇ ਸਕੂਲਾਂ ਅੰਦਰ ਬੱਚਿਆਂ ਦਾ ਦਾਖਲਾ ਵਧੇ। ਸਾਰਾ ਮਟੀਰੀਅਲ ਜੋ ਕਿ ਐਸ.ਐਸ.ਏ. ਵੱਲੋਂ ਸਕੂਲਾਂ ਨੂੰ ਦਿੱਤਾ ਗਿਆ ਹੈ ਉਸ ਨੂੰ ਡਿਸਪਲੇ ਕੀਤਾ ਜਾਵੇ।
59. ਪਿੰਡ ਪੱਧਰ ਤੇ ਦਿੱਤੀਆਂ ਜਾਣ ਵਾਲੀਆਂ ਪਸਵਕ ਟ੍ਰੇਨਿੰਗਾਂ ਵਿੱਚ ਵਿਦਿਆਰਥੀਆਂ ਦੀ ਡੈਮੋ ਵੀ ਦਿੱਤੀ ਜਾਵੇ।
60. ਪਸਵਕ ਟ੍ਰੇਨਿੰਗਾਂ ਦੌਰਾਨ ਵੱਧ ਤੋਂ ਵੱਧ ਜ਼ੋਰ ਬੱਚਿਆਂ ਦੀ ਹਾਜ਼ਰੀ ਵਧਾਉਣ ਤੇ ਲਗਾਇਆ ਜਾਵੇਗਾ। ਇਸ ਨੂੰ ਆਪਣਾ ਇਸ ਸਾਲ ਦਾ ਮਿੱਥਿਆ ਟੀਚਾ ਮੰਨ ਕੇ ਚੱਲਿਆ ਜਾਵੇ।
61. ਪਸਵਕ ਟ੍ਰੇਨਿੰਗਾਂ ਦੌਰਾਨ ਸੀ.ਐਮ.ਟੀ. ਆਂਗਨਵਾੜੀ ਵਰਕਰ ਨੂੰ ਆਂਗਨਵਾੜੀ ਸੈਂਟਰ ਦੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਅੰਦਰ ਦਾਖਲੇ ਲਈ ਪ੍ਰੇਰਿਤ ਕਰੇ। ਤਾਂ ਜੋ ਆਂਗਨਵਾੜੀ ਸੈਂਟਰਾਂ ਵਿੱਚ

ਆਉਣ ਵਾਲੇ ਸਾਰੇ ਦੇ ਸਾਰੇ ਬੱਚੇ ਸਰਕਾਰੀ ਸਕੂਲਾਂ ਅੰਦਰ ਪਹਿਲੀ ਜਮਾਤ ਵਿੱਚ ਦਾਖਲ ਕੀਤੇ ਜਾ ਸਕਣ।

62. ਸੀ.ਐਮ.ਟੀ. ਪਸਵਕ ਮੀਟਿੰਗਾਂ ਅੰਦਰ ਬੱਚਿਆਂ ਦੀ ਹਾਜ਼ਰੀ ਵਧਾਉਣ ਲਈ ਵਿਸ਼ੇਸ਼ ਜ਼ੋਰ ਦੇਵੇਗਾ ਅਤੇ ਪਸਵਕ, ਪੀ.ਟੀ.ਏ, ਐਮ.ਟੀ.ਏ. ਅਤੇ ਆਗਨਵਾੜੀ ਵਰਕਰਾਂ ਰਾਹੀਂ ਆਪਣਾ ਸੰਦੇਸ਼ ਭਾਈਚਾਰੇ ਪੱਧਰ ਤੱਕ ਪਹੁੰਚਾਏਗਾ ਕਿ ਵੱਧ ਤੋਂ ਵੱਧ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾ ਕੇ ਸਕੂਲਾਂ ਅੰਦਰ ਦਾਖਲਾ ਵਧਾਇਆ ਜਾ ਸਕੇ।

63. ਮਾਰਚ ਮਹੀਨੇ ਦੌਰਾਨ ਸੀ.ਐਮ.ਟੀ. ਅਤੇ ਪੀ.ਸੀ.ਸੀ. ਪਿੰਡ ਪੱਧਰ ਤੇ ਇਸ ਤਰ੍ਹਾਂ ਦੀ ਮੂਵਮੈਂਟ ਬਣਾਉਣ ਕਿ ਪਹਿਲੀ ਜਮਾਤ ਵਿੱਚ ਦਾਖਲ ਹੋਣ ਵਾਲਾ ਬੱਚਾ ਕਿਸੇ ਵੀ ਹੋਰ ਪ੍ਰਾਈਵੇਟ ਸੰਸਥਾ ਵਿੱਚ ਜਾਣ ਦੀ ਬਜਾਏ ਸਰਕਾਰੀ ਸਕੂਲਾਂ ਅੰਦਰ ਹੀ ਦਾਖਲ ਹੋਵੇ। ਇਹ ਕੰਮ ਮੂਵਮੈਂਟ ਦੇ ਰੂਪ ਵਿੱਚ ਕੀਤਾ ਜਾਵੇ।

64. ਮਿਡ ਡੇ ਮੀਲ ਸਬੰਧੀ ਅਧਿਆਪਕ ਨੂੰ ਇਹ ਦੱਸਿਆ ਜਾਵੇ ਕਿ ਵਿਭਾਗ ਵੱਲੋਂ ਭੇਜੇ ਗਏ ਰਜਿਸਟਰ ਹੀ ਵਰਤੋਂ ਵਿੱਚ ਲਿਆਂਦੇ ਜਾਣ ਜੇਕਰ ਉਸ ਵੱਲੋਂ ਕੋਈ ਹੋਰ ਰਜਿਸਟਰ ਲਗਾਇਆ ਗਿਆ ਹੈ ਤਾਂ ਉਹ ਬੰਦ ਕਰ ਦਿੱਤਾ ਜਾਵੇ।

## ਹਿਸਾਬ ਦੇ ਮਹਿਲਾਂ ਵਿਚ ਹੋਣ ਵਾਲੀਆਂ ਗਤੀਵਿਧੀਆਂ

| ਗਤੀਵਿਧੀਆਂ | ਮਟੀਰੀਅਲ | ਮਹਿਲਾਂ ਦਾ ਟੀਚਾ | ਮਹਿਲ ਦਾ ਨਾਂ |
|---|---|---|---|
| 1. 0 ਤੋਂ 9 ਤੱਕ ਅੰਕ ਪਹਿਚਾਣ<br>2. 10 ਤੋਂ 100 ਤੱਕ ਸੰਖਿਆ ਪਹਿਚਾਣ<br>3. 11-99 ਤੱਕ ਸੰਖਿਆ ਪਹਿਚਾਣ<br>4. ਜੋੜ ਦੇ ਸਵਾਲ<br>5. ਘਟਾਓ ਦੇ ਸਵਾਲ<br>6. 0 ਤੋਂ 5 ਤੱਕ ਪਹਾੜੇ ਪੌੜੀ ਪ੍ਰਣਾਲੀ ਰਾਹੀਂ<br>7. ਅੰਕ ਖੇਡ | 1. ਗਿਣਤੀ ਕਾਰਡ<br>2. ਗਿਣਤੀ ਚਾਰਟ<br>3. ਬੰਡਲ ਤੀਲੀ<br>4. ਕਰੰਸੀ ਨੋਟ<br>5. ਅੰਕ ਕਾਰਡ<br>6. ਪਹਾੜਿਆਂ ਦਾ ਚਾਰਟ<br>7. ਆਓ ਖੇਡੀਏ | 1. ਸਾਰੇ ਬੱਚਿਆਂ ਨੂੰ ਗਿਣਤੀ ਆਵੇ।<br>2. ਬੱਚਿਆਂ ਨੂੰ ਜੋੜ ਅਤੇ ਘਟਾਓ ਦੇ ਸਵਾਲ ਆਉਣ<br>3. ਬੱਚਿਆਂ ਨੂੰ 5 ਤੱਕ ਪਹਾੜੇ ਆਉਣ<br>4. ਬੱਚਿਆਂ ਨੂੰ ਬੰਡਲਤੀਲੀ ਅਤੇ ਕਰੰਸੀ ਨੋਟਾਂ ਬਾਰੇ ਜਾਣਕਾਰੀ ਹੋਵੇ।<br>5. ਬੱਚਿਆਂ ਨੂੰ ਅੰਕਾਂ ਦੀਆਂ ਖੇਡਾਂ ਆਉਣ | ਅੰਕ ਮਹਿਲ |
| 1. 1 ਤੋਂ 1000 ਤੱਕ ਸੰਖਿਆ ਪਹਿਚਾਣ<br>2. ਜੋੜ ਦੇ ਸਵਾਲ (ਹਾਸਿਲ ਵਾਲੇ)<br>3. ਘਟਾਓ ਦੇ ਸਵਾਲ (ਹਾਸਿਲ ਵਾਲੇ)<br>4. 0-10 ਤੱਕ ਪਹਾੜੇ<br>5. ਗੁਣਾ ਦੇ ਸਵਾਲ<br>6. ਭਾਗ ਦੇ ਸਵਾਲ | 1. ਕਰੰਸੀ ਨੋਟ<br>2. ਪਹਾੜਿਆਂ ਦਾ ਚਾਰਟ<br>3. ਆਓ ਖੇਡੀਏ<br>4. ਆਓ ਸੋਚੀਏ<br>5. ਬੰਡਲ ਤੀਲੀ | 1. ਸਾਰੇ ਬੱਚਿਆਂ ਨੂੰ 0 ਤੋਂ 10 ਤੱਕ ਪਹਾੜੇ ਆ ਜਾਣ।<br>2. ਸਾਰੇ ਬੱਚੇ ਭਾਗ ਤੇ ਗੁਣਾ ਦੇ ਸਵਾਲ ਕਰ ਸਕਣ।<br>3. ਸਾਰੇ ਬੱਚਿਆਂ ਨੂੰ 1000 ਤੱਕ ਸੰਖਿਆ ਪਹਿਚਾਣ ਹੋਵੇ।<br>4. ਬੱਚਿਆਂ ਨੂੰ ਕਰੰਸੀ ਨੋਟਾਂ ਬਾਰੇ ਜਾਣਕਾਰੀ ਹੋਵੇ। | ਜੋੜ ਘਟਾਓ ਮਹਿਲ |
| 1. 1000 ਤੋਂ 100000 ਤੱਕ ਸੰਖਿਆ ਪਹਿਚਾਣ<br>2. ਤਿੰਨ ਅੰਕਾਂ ਵਾਲੇ (ਹਾਸਿਲ ਦੇ) ਜੋੜ ਅਤੇ ਘਟਾਓ ਦੇ ਸਵਾਲ<br>3. ਸਿਲੇਬਸ ਦੇ ਸਵਾਲ | 1. ਕਰੰਸੀ ਨੋਟ<br>2. ਆਓ ਸੋਚੀਏ-1<br>3. ਆਓ ਸੋਚੀਏ- 2<br>4. ਸਿਲੇਬਸ ਦੀਆਂ ਕਿਤਾਬਾਂ | 1. ਸਾਰੇ ਬੱਚਿਆਂ ਨੂੰ 100000 ਤੱਕ ਸੰਖਿਆ ਪਹਿਚਾਣ ਆਵੇ।<br>2. ਸਾਰੇ ਬੱਚੇ ਜੋੜ, ਘਟਾਓ, ਗੁਣਾ ਅਤੇ ਭਾਗ ਕਰ ਸਕਦੇ ਹੋਣ। | ਭਾਗ ਮਹਿਲ |

## ਭਾਸ਼ਾ ਦੇ ਮਹਿਲਾਂ ਵਿੱਚ ਹੋਣ ਵਾਲੀਆਂ ਗਤੀਵਿਧੀਆਂ
## ਅੱਖਰ ਮਹਿਲ, ਸ਼ਬਦ ਮਹਿਲ, ਕਹਾਣੀ ਮਹਿਲ

| ਗਤੀਵਿਧੀਆਂ (ਸਟੈਪ) | ਮਟੀਰੀਅਲ | ਮਹਿਲਾਂ ਦਾ ਟੀਚਾ | ਮਹਿਲ ਦਾ ਨਾਂ |
|---|---|---|---|
| 1.ਕਹਾਣੀ<br>2. ਮੁਹਾਰਨੀ<br>3. ਮੁਹਾਰਨੀ ਸ਼ਬਦ ਕਾਰਡ<br>4. ਅੱਖਰ ਖੇਡ<br>5. ਸ਼ਬਦਾਂ ਦੀ ਖੇਡ | 1. ਕਥਾ ਕਹਾਣੀ ਜਾਂ ਲਾਇਬਰੇਰੀ ਦੀਆਂ ਕਿਤਾਬਾਂ<br>2. ਮੁਹਾਰਨੀ ਕਾਰਡ<br>3. ਮੁਹਾਰਨੀ ਚਾਰਟ<br>4. ਮੁਹਾਰਨੀ ਸ਼ਬਦ ਕਾਰਡ<br>5. ਆਓ ਖੇਡੀਏ<br>6. ਖੇਡਾਂ ਦਾ ਪੋਸਟਰ<br>7. ਅੱਖਰ ਕਾਰਡ | 1.ਬੱਚਿਆਂ ਨੂੰ ਮੁਹਾਰਨੀ ਪੜ੍ਹਨੀ ਆਵੇ।<br>2.ਬੱਚਿਆਂ ਨੂੰ ਅੱਖਰਾਂ ਦੀ ਪਹਿਚਾਣ ਹੋਵੇ।<br>3.ਬੱਚਿਆਂ ਨੂੰ ਅੱਖਰਾਂ ਦੀਆਂ ਖੇਡਾਂ ਆਉਣ | ਅੱਖਰ ਮਹਿਲ |
| 1. 4-5 ਦਿਨ ਮੁਹਾਰਨੀ<br>2. ਮੁਹਾਰਨੀ ਸ਼ਬਦ ਕਾਰਡ<br>3. ਪੈਰ੍ਹਾ ਕਾਰਡ<br>4. ਸ਼ਬਦਾਂ ਦੀ ਖੇਡ<br>5. ਵਾਕਾਂ ਦੀ ਖੇਡ<br>6. ਕੁਝ ਵੀ ਸੋਚੋ, ਬੋਲੋ, ਲਿਖੋ<br>7. ਚਾਰ ਜਾਂ ਪੰਜ ਸ਼ਬਦ ਦੀ ਕਹਾਣੀ ਲਿਖਵਾਉਣਾ | 1. ਮੁਹਾਰਨੀ ਚਾਰਟ<br>2. ਮੁਹਾਰਨੀ ਸ਼ਬਦ ਕਾਰਡ<br>3. ਪੈਰਾ ਕਾਰਡ (ਇੱਕ ਤੋਂ ਅੱਠ ਨੰਬਰ)<br>4. ਆਓ ਖੇਡੀਏ ਕਿਤਾਬ | 1. ਸਾਰੇ ਬੱਚੇ ਮੁਹਾਰਨੀ ਪੜ੍ਹਦੇ ਹੋਣ<br>2. ਸਾਰੇ ਬੱਚੇ ਮੁਹਾਰਨੀ ਸ਼ਬਦ ਕਾਰਡ ਪੜ੍ਹਦੇ ਹੋਣ।<br>3. ਸਾਰੇ ਬੋਲਿਆ ਹੋਇਆ ਵਾਕ ਲਿਖ ਸਕੇ।<br>4. ਸਾਰੇ ਬੱਚੇ ਦਿੱਤੇ ਗਏ ਪੈਰ੍ਹਾ ਕਾਰਡ ਪੜ੍ਹ ਸਕਣ | ਸ਼ਬਦ ਮਹਿਲ |
| 1. ਪੈਰ੍ਹਾ ਕਾਰਡ<br>2. ਲਾਇਬਰੇਰੀ ਦੀਆਂ ਕਿਤਾਬਾਂ<br>3. ਮਾਇੰਡ ਮੈਪਿੰਗ<br>4. ਕਹਾਣੀ ਕਾਰਡ<br>5. ਕਹਾਣੀ ਲਿਖਵਾਉਣਾ<br>6. ਸੁਲੇਖ ਜਾਂ ਸਰੁਤਲੇਖ<br>7. ਵਿਸ਼ਰਾਮ ਕਾਰਡ | 1. ਪੈਰ੍ਹਾ ਕਾਰਡ ( 6 ਤੋਂ 8 ਨੰਬਰ)<br>2. ਕਹਾਣੀ ਕਾਰਡ<br>3. ਮਾਇੰਡ ਮੈਪਿੰਗ ਕਾਰਡ<br>4. ਲਾਇਬਰੇਰੀ ਦੀਆਂ ਕਿਤਾਬਾਂ<br>5. ਸਿਲੇਬਸ ਦੀਆਂ ਕਿਤਾਬਾਂ | 1. ਸਾਰੇ ਬੱਚੇ ਕਹਾਣੀ ਕਾਰਡ ਪੜ੍ਹ ਸਕਣ<br>2. ਲਾਇਬਰੇਰੀ ਦੀਆਂ ਕਿਤਾਬਾਂ ਪੜ੍ਹ ਸਕਣ<br>3. ਮਾਇੰਡ ਮੈਪਿੰਗ ਕਰ ਸਕਣ। | ਕਹਾਣੀ ਮਹਿਲ |

# ਮਹਿਲਾਂ ਦੀ ਸਮਾਂ ਸਾਰਨੀ

| ਸਮਾਂ ਸਾਰਨੀ | ਗਤੀਵਿਧੀ |
|---|---|
| ਕਹਾਣੀ → 20 ਮਿੰਟ<br><br>ਮੁਹਾਰਨੀ,<br>ਮੁਹਾਰਨੀ ਸ਼ਬਦ ਕਾਰਡ → 20 ਮਿੰਟ<br><br>ਅੱਖਰ ਖੇਡ,<br>ਸ਼ਬਦਾਂ ਦੀ ਖੇਡ → 20 ਮਿੰਟ<br><br>(ਅਧਿਆਪਕ ਆਪਣੀ ਸਹੂਲਤ ਅਨੁਸਾਰ ਉਪਰੋਕਤ ਗਤੀਵਿਧੀਆਂ ਲਈ ਸਮੇਂ ਦੀ ਵੰਡ ਵਿੱਚ ਤਬਦੀਲੀ ਕਰ ਸਕਦਾ ਹੈ) | ਅੱਖਰ ਮਹਿਲ ਦੇ ਬੱਚਿਆਂ ਨੂੰ ਕਹਾਣੀ ਅੱਖਰ ਖੇਡਾਂ ਅਤੇ ਮੁਹਾਰਨੀ, ਤਿੰਨ ਗਤੀਵਿਧੀਆਂ ਰੋਜਾ ਭਾਸ਼ਾ ਦੇ ਘੰਟੇ ਵਿੱਚ ਕਰਵਾਈਆਂ ਜਾਣ। ਬੱਚਿਆਂ ਨੂੰ ਮੁਹਾਰਨੀ ਸ਼ਬਦ ਕਾਰਡ ਪੜ੍ਹਨ ਲਈ ਦਿਉ ਅਤੇ ਅੱਖਰ ਖੇਡਾਂ ਆ ਜਾਣ ਤੋਂ ਬਾਅਦ ਸ਼ਬਦਾਂ ਦੀ ਖੇਡ ਕਰਵਾਓ। ਕਿਉਂਕਿ ਇਹ ਗਤੀਵਿਧੀਆਂ ਮੇਲ ਖਾਂਦੀਆਂ ਹਨ। |
| 4-5 ਦਿਨ ਮੁਹਾਰਨੀ,<br>ਮੁਹਾਰਨੀ ਸ਼ਬਦ ਕਾਰਡ → 20 ਮਿੰਟ<br><br>ਪੈਰ੍ਹਾ ਕਾਰਡ → 20 ਮਿੰਟ<br><br>ਸ਼ਬਦਾਂ ਦੀ ਖੇਡ,<br>ਵਾਕਾਂ ਦੀ ਖੇਡ<br>ਕੁਝ ਵੀ ਸੋਚੋ, ਬੋਲੋ, ਲਿਖੋ,<br>ਚਾਰ ਸ਼ਬਦ ਦੇ ਕਹਾਣੀ<br>ਲਿਖਵਾਉਣਾ → 20 ਮਿੰਟ<br><br>(ਅਧਿਆਪਕ ਆਪਣੀ ਸਹੂਲਤ ਅਨੁਸਾਰ ਉਪਰੋਕਤ ਗਤੀਵਿਧੀਆਂ ਲਈ ਸਮੇਂ ਦੀ ਵੰਡ ਵਿੱਚ ਤਬਦੀਲੀ ਕਰ ਸਕਦਾ ਹੈ) | ਸ਼ਬਦ ਮਹਿਲ ਦੇ ਬੱਚਿਆਂ ਨਾਲ ਮੁਹਾਰਨੀ ਸ਼ਬਦ ਕਾਰਡ, ਪੈਰ੍ਹਾ ਕਾਰਡ ਤੇ ਸ਼ਬਦਾਂ ਦੀ ਪੇਡ ਗਤੀਵਿਧੀਆਂ ਰੋਜ਼ ਭਾਸ਼ਾ ਦੇ ਇੱਕ ਘੰਟੇ ਵਿੱਚ ਕਰਵਾਈਆਂ ਜਾਣ। ਸ਼ਬਦਾਂ ਦੀ ਖੇਡ ਤੋਂ ਬਾਅਦ ਵਿੱਚ ਵਾਕਾਂ ਦੀ ਖੇਡ, ਫਿਰ ਕੁਝ ਸੋਚੋ, ਬੋਲੋ ਤੇ ਲਿਖੋ ਅਤੇ ਫਿਰ ਬੱਚਿਆਂ ਨੂੰ ਚਾਰ ਸ਼ਬਦ ਦੇ ਕਹਾਣੀ ਲਿਖਵਾਉਣਾ ਗਤੀਵਿਧੀ ਕਰਵਾਈ ਜਾਵੇ। |
| 0 ਤੋਂ 9 ਤੱਕ → 10 ਦਿਨ ,<br>10 ਤੋਂ 100 ਤੱਕ → 11-20 ਦਿਨ<br>11 ਤੋਂ 99 ਤੱਕ → 21 ਤੋਂ 50 ਦਿਨ<br>0 ਤੋਂ 5 ਤੱਕ ਪਹਾੜੇ → 51 ਤੋਂ 70 ਦਿਨ → 20ਮਿੰਟ<br><br>ਜੋੜ ਦੇ ਸਵਾਲ → 20 ਦਿਨ<br>ਘਟਾਓ ਦੇ ਸਵਾਲ → 21-50 ਦਿਨ → 20 ਮਿੰਟ<br><br>ਅੰਕ ਖੇਡ → 20 ਮਿੰਟ<br>(ਅਧਿਆਪਕ ਆਪਣੀ ਸਹੂਲਤ ਅਨੁਸਾਰ ਉਪਰੋਕਤ ਗਤੀਵਿਧੀਆਂ ਲਈ ਸਮੇਂ ਦੀ ਵੰਡ ਵਿੱਚ ਤਬਦੀਲੀ ਕਰ ਸਕਦਾ ਹੈ) | ਬੱਚਿਆਂ ਨਾਲ ਸੰਖਿਆ ਪਹਿਚਾਣ, ਸਵਾਲ ਤੇ ਅੰਕ ਖੇਡਾਂ ਗਤੀਵਿਧੀਆਂ ਰੋਜ਼ ਭਾਸ਼ਾ ਦੇ ਇੱਕ ਘੰਟੇ ਵਿੱਚ ਕਰਵਾਈਆਂ ਜਾਣ। |
| 1 ਤੋਂ 1000 ਤੱਕ ਗਿਣਤੀ → 20 ਮਿੰਟ | |

| | |
|---|---|
| ਜੋੜ ਦੇ ਸਵਾਲ,<br>ਘਟਾਓ ਦੇ ਸਵਾਲ, → 25 ਮਿੰਟ<br>ਗੁਣਾਂ ਦੇ ਸਵਾਲ<br>ਭਾਗ ਦੇ ਸਵਾਲ = 25 ਮਿੰਟ<br><br>0 ਤੋਂ 10 ਤੱਕ ਪਹਾੜੇ → 15 ਮਿੰਟ<br>(ਅਧਿਆਪਕ ਆਪਣੀ ਸਹੂਲਤ ਅਨੁਸਾਰ ਉਪਰੋਕਤ ਗਤੀਵਿਧੀਆਂ ਲਈ ਸਮੇਂ ਦੀ ਵੰਡ ਵਿੱਚ ਤਬਦੀਲੀ ਕਰ ਸਕਦਾ ਹੈ) | ਬੱਚਿਆਂ ਨੂੰ ਕਰੰਸੀ ਨੋਟਾਂ ਤੇ ਬੰਡਲ ਤੀਲੀ ਦੀ ਮੱਦਦ ਨਾਲ ਸੰਖਿਆ ਪਹਿਚਾਣ, ਪਹਾੜੇ ਤੇ ਜੋੜ ਜਾਂ ਘਟਾਓ ਜਾਂ ਗੁਣਾ ਜਾਂ ਭਾਗ ਦੇ ਸਵਾਲ ਰੋਜ਼ਾਨਾ ਕਰਵਾਏ ਜਾਣ। |
| 1 ਤੋਂ 100000 ਤੱਕ ਸੰਖਿਆ ਪਹਿਚਾਣ → 20 ਮਿੰਟ<br><br>ਤਿੰਨ ਅੰਕੀ ਜੋੜ ਤੇ<br>ਘਟਾਓ ਦੇ ਸਵਾਲ → 25 ਮਿੰਟ<br>ਭਾਗ ਦੇ ਸਵਾਲ<br>ਸਿਲੇਬਸ ਵਿੱਚੋਂ ਅਭਿਆਸ<br><br>ਆਓ ਸੋਚੀਏ → 15 ਮਿੰਟ<br><br>ਅਧਿਆਪਕ ਆਪਣੀ ਸਹੂਲਤ ਅਨੁਸਾਰ ਉਪਰੋਕਤ ਗਤੀਵਿਧੀਆਂ ਲਈ ਸਮੇਂ ਦੀ ਵੰਡ ਵਿੱਚ ਤਬਦੀਲੀ ਕਰ ਸਕਦਾ ਹੈ) | ਬੱਚਿਆਂ ਨੂੰ ਕਰੰਸੀ ਨੋਟਾਂ ਦੀ ਮਦਦ ਨਾਲ 100000 ਤੱਕ ਸੰਖਿਆ, ਪਹਿਚਾਣ ਤੇ ਜੋੜ ਜਾਂ ਘਟਾਓ ਜਾਂ ਭਾਗ ਜਾਂ ਕੋਈ ਹਿਸਾਬ ਦੀ ਅਭਿਆਸ ਤੇ ਆਓ ਸੋਚੀਏ ਵਿੱਚ ਸਵਾਲ ਹਰ ਰੋਜ ਕਰਵਾਏ ਜਾਣ। |